

ਵੀਰਵਾਰ, 12 ਦਸੰਬਰ 2024

# ਲੋਕ ਬਾਣੀ

## ਵੀਰਵਾਰ ਸੈਪਸ਼ਲ

# ਆਓ ! ਜੰਗਲਾਂ ਅਤੇ ਗੈਰ - ਆਬਾਦ ਥਾਵਾਂ ਵਿੱਚ ਫਲਦਾਰ ਰੁੱਖ ਲਗਾਈਏ !

ਵਰਖਾ ਰੁੱਤ ਦੇ ਸ਼ੁਰੂ ਹੋਣ ਦੇ ਨਾਲ ਹੀ ਰੁੱਖ ਲਗਾਉਣ ਦਾ ਮਹਾਨ ਪਰਉਪਕਾਰੀ ਕਾਰਜ ਸਾਡੇ ਆਲੇ - ਦੁਆਲੇ ਸ਼ੁਰੂ ਹੋ ਜਾਂਦਾ ਹੈ ; ਜੋ ਕਿ ਸਾਡੇ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਹਰਾ - ਭਰਾ , ਸਾਫ ਤੇ ਸ਼ੁੱਧ ਵਾਤਾਵਰਣ ਮੁਹੱਈਆ ਕਰਵਾਉਣ ਹਿੱਤ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਹੈ । ਰੁੱਖ ਲਗਾਉਣ ਦੇ ਨਾਲ - ਨਾਲ ਉਨ੍ਹਾਂ ਦੀ ਸੰਭਾਲ ਹੋਣਾ ਕਰਨਾ ਵੀ ਅਤਿ ਜ਼ਰੂਰੀ ਬਣਦਾ ਹੈ । ਅੱਜ ਕੱਲ੍ਹ ਬਰਸਾਤ ਦਾ ਮੌਸਮ ਆਰੰਭ ਹੋ ਚੁੱਕਿਆ ਹੈ ਅਤੇ ਹਰ ਪਾਸਿਓਂ ਦੇਖਣ, ਸੁਣਨ ਤੇ ਅਨੁਭਵ ਕਰਨ ਵਿੱਚ ਆਉਂਦਾ ਹੈ ਕਿ ਅਸੀਂ ਸਭ ਵਾਤਾਵਰਨ ਪ੍ਰਤੀ ਕਾਫੀ ਸੁਚੇਤ ਹੋ ਗਏ ਹਾਂ ਤੇ ਵੱਧ ਚੜ੍ਹ ਕੇ ਰੁੱਖ ਲਗਾਉਣ ਵਿੱਚ ਯੋਗਦਾਨ ਵੀ ਪਾ ਰਹੇ ਹਾਂ । ਇਸ ਦੇ ਨਾਲ - ਨਾਲ ਇੱਕ ਮਹੱਤਵਪੂਰਨ ਪਹਿਲੂ ਇਹ ਵੀ ਸਾਹਮਣੇ ਆਉਂਦਾ ਹੈ ਕਿ ਜੇਕਰ ਇਸ ਵਰਖਾ ਰੁੱਤ ਵਿੱਚ ਅਸੀਂ ਜੰਗਲਾਂ ਜਾਂ ਆਪਣੇ ਦੂਰ ਨੇੜੇ ਦੀਆਂ ਗੈਰ - ਆਬਾਦ , ਬੰਜਰ ਜਾਂ ਹੋਰ ਥਾਵਾਂ ਤੇ ਦੂਸਰੇ ਰੁੱਖ ਲਗਾਉਣ ਦੇ ਨਾਲ - ਨਾਲ ਕੁਝ ਹਿੱਸਾ ਫਲਦਾਰ ਰੁੱਖ ਲਗਾਉਣ ਦੀ ਨਵੀਂ ਪ੍ਰਵਿਰਤੀ ਦਾ ਆਰੰਭ ਕਰ ਦਈਏ ਤਾਂ ਇਸ ਨਾਲ ਵਾਤਾਵਰਨ ਤਾਂ ਸ਼ੁੱਧ ਰਹੇਗਾ ਹੀ , ਨਾਲ ਹੀ ਪੰਛੀ - ਪਰਿੰਦਿਆਂ ਅਤੇ ਜੀਵ - ਜੰਤੂਆਂ ਨੂੰ ਕੁਦਰਤੀ ਤੌਰ ਤੇ ਕੁਦਰਤੀ ਮਾਹੌਲ ਵਿੱਚ ਆਪਣੇ ਭੋਜਨ ਦੀ ਸਹੀ , ਸੁਚਾਰੂ ਤੇ ਸੁਚੱਜੇ ਢੰਗ ਨਾਲ ਪ੍ਰਾਪਤੀ ਵੀ ਹੋ ਜਾਵੇਗੀ। ਇਸ ਨਾਲ ਜਿੱਥੇ ਜੀਵ - ਜੰਤੂਆਂ ਤੇ ਪੰਛੀ - ਪਰਿੰਦਿਆਂ ਦੀ ਭਲਾਈ ਹੋਵੇਗੀ ਅਤੇ ਉਨ੍ਹਾਂ ਨੂੰ ਕੁਦਰਤੀ ਪ੍ਰਸਥਿਤਿਕ ਪ੍ਰਬੰਧ ਵਿੱਚ ਆਪਣਾ ਕੁਦਰਤੀ ਭੋਜਨ ਸੁਲਭ ਹੋ ਸਕੇਗਾ , ਉੱਥੇ ਹੀ ਇਸ ਦੇ ਨਾਲ ਹੀ ਇਹ ਪੰਛੀ - ਪਰਿੰਦੇ ਖਾਸ ਤੌਰ ਤੇ ਜੰਗਲੀ ਜਾਨਵਰ ਆਦਿ ਸਾਡੇ ਖੇਤਾਂ , ਫ਼ਸਲਾਂ ਆਦਿ ਵੱਲ ਆਉਣ ਦੇ ਰੁਝਾਨ ਤੋਂ ਪਿੱਛੇ ਹੱਟ ਜਾਣਗੇ ਅਤੇ ਇਸ ਨਾਲ ਮਿਹਨਤੀ ਕਿਸਾਨਾਂ ਦੀਆਂ ਫ਼ਸਲਾਂ ਦਾ ਇਨ੍ਹਾਂ ਜੰਗਲੀ ਜਾਨਵਰਾਂ ਵੱਲੋਂ ਕੀਤਾ ਜਾਂਦਾ ਬੇਲੋੜਾ ਉਜਾੜਾ ਤੇ ਨੁਕਸਾਨ ਆਦਿ ਹੋਣ ਤੋਂ ਬਚ ਜਾਵੇਗਾ । ਇਸ ਨਾਲ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੋਣੋ ਬਚ ਸਕਦਾ ਹੈ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਹੋਰ ਵਧੀਆ ਹੋ ਸਕਦੀ ਹੈ ।





ਸਾਡੇ ਵੱਲੋਂ ਕੀਤਾ ਗਿਆ ਵਰਖਾ ਰੁੱਤ ਵਿੱਚ ਇਹ ਛੋਟਾ ਜਿਹਾ ਉਪਰਾਲਾ ਜਿੱਥੇ ਕਈ ਪ੍ਰਕਾਰ ਦੀਆਂ ਪੰਛੀਆਂ - ਪਰਿੰਦਿਆਂ ਤੇ ਜੀਵ - ਜੰਤੂਆਂ ਦੀਆਂ ਅਲੋਪ ਹੋ ਰਹੀਆਂ ਨਸਲਾਂ ਨੂੰ ਬਚਾਉਣ ਵਿੱਚ ਸਹਾਈ ਹੋ ਸਕਦਾ ਹੈ , ਉੱਥੇ ਹੀ ਕਿਸਾਨਾਂ ਦੀਆਂ ਫ਼ਸਲਾਂ ਦਾ ਬਚਾਅ ਹੋਣ ਨਾਲ ਗਰੀਬ ਕਿਸਾਨਾਂ ਦੀ ਸਥਿਤੀ ਪੱਧਰ ਉੱਚਾ ਉੱਠ ਸਕਦਾ ਹੈ ਅਤੇ ਇਨ੍ਹਾਂ ਲਾਚਾਰ ਜੀਵ - ਜੰਤੂਆਂ ਨੂੰ ਆਪਣੇ ਰੈਣ ਬਸੇਰਿਆਂ ਦੇ ਨਜ਼ਦੀਕ ਹੀ ਆਸਾਨੀ ਨਾਲ ਭੋਜਨ ਪ੍ਰਾਪਤ ਹੋ ਜਾਣਾ ਬਹੁਤ ਹੀ ਵੱਡਾ ਪਰਉਪਕਾਰ , ਪੁੰਨ ਅਤੇ ਮਹਾਨਤਾ ਵਾਲਾ ਕੰਮ ਹੋ ਨਿਬੜੇਗਾ । ਸੋ ਜੇਕਰ ਇਸ ਵਰਖਾ ਰੁੱਤ ਵਿੱਚ ਪੌਦੇ ਲਗਾਉਣ ਦੀ ਪਹਿਲ ਕਰਨ ਦੇ ਨਾਲ - ਨਾਲ ਨਜ਼ਦੀਕ ਦੇ ਜੰਗਲਾਂ ਬੇਲਿਆਂ , ਬੰਜਰ ਥਾਵਾਂ , ਵਿਰਾਨ ਥਾਵਾਂ ਤੇ ਕੁਝ ਫ਼ਲਦਾਰ ਪੌਦੇ ਲਗਾ ਦਿੱਤੇ ਜਾਣ ਤਾਂ ਵਾਤਾਵਰਨ ਅਤੇ ਕੁਦਰਤੀ ਤੰਤਰ ਵਿੱਚ ਇੱਕ ਨਵੀਂ ਰੂਹ ਅਤੇ ਦਿੱਖ ਪੈਦਾ ਹੋ ਜਾਵੇਗੀ ਅਤੇ ਸਾਡਾ ਤੇ ਸਾਡੇ ਕਿਸਾਨ ਭਰਾਵਾਂ ਦਾ ਵੀ ਕਾਫੀ ਫਾਇਦਾ ਹੋ ਸਕਦਾ ਹੈ ਅਤੇ ਇਨ੍ਹਾਂ ਜੰਗਲੀ ਜਾਨਵਰਾਂ ਦੇ ਮਨੁੱਖੀ ਬਸਤੀਆਂ ਵੱਲ ਆਉਣ ਅਤੇ ਇੱਥੇ ਕੀਤੇ ਜਾਣ ਵਾਲੇ ਨੁਕਸਾਨ ਜਾਂ ਦੁਰਘਟਨਾਵਾਂ ਤੋਂ ਬਚਾਓ ਹੋ ਕੇ ਸਾਡਾ ਸਭ ਦਾ ਭਲਾ ਹੋ ਸਕਦਾ ਹੈ । ਸੋ ਆਓ ! ਵਰਖਾ ਰੁੱਤ ਵਿੱਚ ਵੱਧ ਤੋਂ ਵੱਧ ਰੁੱਖ ਲਗਾਈਏ ਅਤੇ ਜੰਗਲ ਵੇਲਿਆਂ ਵਿੱਚ ਫਲਦਾਰ ਰੁੱਖ ਲਗਾਉਣ ਨੂੰ ਪਹਿਲ ਦੇਈਏ , ਇਸ ਨਵੀਂ ਸੋਚ ਤੇ ਪਰਉਪਕਾਰ ਨੂੰ ਅਪਣਾਈਏ ਅਤੇ ਸਭ ਦਾ ਭਲਾ ਕਰੀਏ ।

ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ






ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਵੀਰਵਾਰ, 12 ਦਸੰਬਰ 2024
Email:- lokbani08@gmail.com

R. N. I. Punpun/29016/2008 * ਸਾਲ 16 , * ਅੰਕ : 122, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181–2211009 * M : 99155-94111

TOURIST VISA USA CANADA
SCHENGEN/ UK
AUSTRALIA/ NZ
4651 VISA
1 ਜਨਵਰੀ 2024 ਤੋਂ 30 ਨਵੰਬਰ 2024 ਤੱਕ ਲੱਗੇ
easyvisa
8283 000800

TOURIST VISA USA CANADA
SCHENGEN/ UK
AUSTRALIA/ NZ
4651 VISA
1 ਜਨਵਰੀ 2024 ਤੋਂ 30 ਨਵੰਬਰ 2024 ਤੱਕ ਲੱਗ ਚੁੱਕੇ ਹਨ
easyvisa | 8283 000800

## ਕਾਬੁਲ: ਬੰਬ ਧਮਾਕੇ ਕਾਰਨ ਹੋਈ ਮੰਤਰੀ ਦੀ ਮੌਤ



**ਇਸਲਾਮਾਬਾਦ, ਲੋਕ ਬਾਣੀ** - ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਅੱਜ ਇਕ ਫਿਦਾਇਨੀ ਹਮਲੇ ਵਿੱਚ ਤਾਲਿਬਾਨ ਸਰਕਾਰ ਵਿੱਚ ਸ਼ਰਨਾਰਥੀ ਮਾਮਲਿਆਂ ਬਾਰੇ ਮੰਤਰੀ ਅਤੇ ਦੋ ਹੋਰਾਂ ਦੀ ਮੌਤ ਹੋ ਗਈ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।
ਅਧਿਕਾਰੀਆਂ ਨੇ ਦੱਸਿਆ ਕਿ ਧਮਾਕਾ ਮੰਤਰਾਲੇ ਦੇ ਅੰਦਰ ਹੋਇਆ ਅਤੇ ਸ਼ਰਨਾਰਥੀ ਮਾਮਲਿਆਂ ਦੇ ਮੰਤਰੀ ਖਲੀਲ ਹੱਕਾਨੀ ਦੀ ਮੌਤ ਹੋ ਗਈ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਨ ਲਈ ਅਧਿਕਾਰਤ ਨਾ ਹੋਣ ਕਰ ਕੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ।

## ਕੋਲਾ ਘੁਟਾਲਾ ਮਾਮਲਾ ਚ ਅਦਾਲਤ ਨੇ ਕੀਤਾ ਸਾਬਕਾ ਕੋਲਾ ਸਕੱਤਰ ਤੇ ਹੋਰ ਬਰੀ



**ਨਵੀਂ ਦਿੱਲੀ, ਲੋਕ ਬਾਣੀ**-ਕੌਮੀ ਰਾਜਧਾਨੀ ਸਥਿਤ ਇਕ ਵਿਸ਼ੇਸ਼ ਸੀਬੀਆਈ ਅਦਾਲਤ ਨੇ ਉੜੀਸਾ ਵਿੱਚ ਦੋ ਕੋਲਾ ਖਾਣਾਂ ਦੀ ਅਲਾਟਮੈਂਟ ਨਾਲ ਸਬੰਧਤ ਕਥਿਤ ਕੋਲਾ ਘੁਟਾਲਾ ਮਾਮਲੇ ਵਿੱਚ ਸਾਬਕਾ ਕੋਲਾ ਸਕੱਤਰ ਐੱਚਸੀ ਗੁਪਤਾ ਅਤੇ ਦੋ ਹੋਰ ਲੋਕ ਸੇਵਕਾਂ ਸਣੇ ਛੇ ਮੁਲਜ਼ਮਾਂ ਨੂੰ ਅੱਜ ਬਰੀ ਕਰ ਦਿੱਤਾ।
ਵਿਸ਼ੇਸ਼ ਜੱਜ ਸੰਜੈ ਬਾਂਸਲ ਨੇ ਗੁਪਤਾ ਤੋਂ ਇਲਾਵਾ ਨਵਭਾਰਤ ਪਾਵਰ ਪ੍ਰਾਈਵੇਟ ਲਿਮਿਟਡ, ਉਸ ਦੇ ਤਤਕਾਲੀ ਪ੍ਰਧਾਨ ਪੀ ਤ੍ਰਿਵਿਕਰਮ ਪ੍ਰਸਾਦ ਤੇ ਤਤਕਾਲੀ ਪ੍ਰਬੰਧ ਨਿਰਦੇਸ਼ਕ ਵਾਈ ਹਰੀਸ਼ ਚੰਦਰ ਪ੍ਰਸਾਦ, ਕੋਲਾ ਮੰਤਰਾਲੇ ਵਿੱਚ ਸਾਬਕਾ ਸੰਯੁਕਤ ਸਕੱਤਰ ਕੇਐਸ ਕਰੋਫਾ ਤੇ ਮੰਤਰਾਲੇ ਦੇ ਕੋਲਾ ਵੰਡ ਸੈਕਸ਼ਨ ਦੇ ਸਾਬਕਾ ਡਾਇਰੈਕਟਰ ਕੇਸੀ ਸਮਾਰੀਆ ਨੂੰ ਵੀ ਬਰੀ ਕਰ ਦਿੱਤਾ।

## ਐੱਨਆਰਸੀ ਲਈ ਅਰਜ਼ੀ ਨਾ ਦੇਣ ਵਾਲੇ ਨੂੰ ਨਹੀਂ ਮਿਲੇਗਾ ਆਧਾਰ ਕਾਰਡ: ਸਰਮਾ




**ਗੁਹਾਟੀ, ਲੋਕ ਬਾਣੀ**-ਆਧਾਰ ਕਾਰਡ ਨੂੰ ਕੌਮੀ ਨਾਗਰਿਕਤਾ ਰਜਿਸਟਰ (ਐੱਨਆਰਸੀ) ਨਾਲ ਜੋੜਨ ਦੀ ਕੋਸ਼ਿਸ਼ ਤਹਿਤ ਅਸਾਮ ਸਰਕਾਰ ਨੇ ਅੱਜ ਫ਼ੈਸਲਾ ਕੀਤਾ ਹੈ ਕਿ ਜਿਹੜੇ ਵਿਅਕਤੀ ਜਾਂ ਪਰਿਵਾਰ ਐੱਨਆਰਸੀ ਲਈ ਅਰਜ਼ੀ ਨਹੀਂ ਦੇਣਗੇ ਉਨ੍ਹਾਂ ਨੂੰ ਆਧਾਰ ਕਾਰਡ ਨਹੀਂ ਦਿੱਤਾ ਜਾਵੇਗਾ।
ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਕਿ ਇਸ ਸਬੰਧੀ ਫ਼ੈਸਲਾ ਬੰਗਲਾਦੇਸ਼ ਦੇ ਨਾਗਰਿਕਾਂ ਦੀ ਘੁਸਪੈਠ ਦੇ ਖਦਸ਼ੇ ਦੇ ਮੱਦੇਨਜ਼ਰ ਕੀਤੀ ਗਈ ਕੈਬਨਿਟ ਮੀਟਿੰਗ ’ਚ ਲਿਆ ਗਿਆ।

## ਇੰਦਰਾ ਗਾਂਧੀ ਹਵਾਈ ਅੱਡੇ ਦੇ ਯਾਤਰੀਆਂ ਨੂੰ ਠੱਗਣ ਦੇ ਦੋਸ਼ ਹੇਠ ਦਲਾਲ ਗ੍ਰਿਫ਼ਤਾਰ



**ਨਵੀਂ ਦਿੱਲੀ, ਲੋਕ ਬਾਣੀ**-ਦਿੱਲੀ ਪੁਲੀਸ ਨੇ ਇਸ ਸਾਲ ਇੰਦਰਾ ਗਾਂਧੀ ਕੌਮਾਂਤਰੀ (ਆਈਜੀਆਈ) ਹਵਾਈ ਅੱਡੇ ਦੇ ਬਾਹਰ ਯਾਤਰੀਆਂ ਨੂੰ ਠੱਗਣ ਵਿੱਚ ਸ਼ਾਮਲ 540 ਦਲਾਲਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ।
ਪੁਲੀਸ ਵੱਲੋਂ ਮੁਹੱਈਆ ਕਰਵਾਏ ਗਏ ਅੰਕੜਿਆਂ ਮੁਤਾਬਕ, ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਗ੍ਰਿਫ਼ਤਾਰੀਆਂ ਦੀ ਗਿਣਤੀ ਦੁੱਗਣੀ ਨਾਲੋਂ ਵੀ ਵੱਧ ਹੈ। ਪਿਛਲੇ ਸਾਲ 264 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਸਨ।

## ਕੇਂਦਰ ਸਰਕਾਰ ਕਿਸਾਨਾਂ ਤੇ ਸਖਤੀ ਕਰਕੇ ਐਮਰਜੈਂਸੀ ਵਰਗੇ ਹਾਲਾਤ ਪੈਦਾ ਕਰ ਰਹੀ - ਡਾ. ਦਲਜੀਤ ਸਿੰਘ ਚੀਮਾ



**ਸ੍ਰੀ ਮੁਕਤਸਰ ਸਾਹਿਬ**, ਲੋਕ ਬਾਣੀ--ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੇਰ ਸ਼ਾਮ ਸ੍ਰੀ ਮੁਕਤਸਰ ਸਾਹਿਬ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਕੇਂਦਰ ਸਰਕਾਰ ਵਲੋਂ ਕਿਸਾਨਾਂ ਤੇ ਸਖਤੀ ਕਰਕੇ ਐਮਰਜੈਂਸੀ ਵਰਗੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਜਦਕਿ ਜਗਜੀਤ ਸਿੰਘ ਡੱਲੇਵਾਲ ਦੀ ਹਾਲਤ ਮਰਨ ਵਰਤ ਕਰਕੇ ਚਿੰਤਾਜਨਕ ਬਣੀ ਹੋਈ ਹੈ। ਇਸ ਸੰਬੰਧੀ ਕੇਂਦਰ ਸਰਕਾਰ ਨੂੰ ਤੁਰੰਤ ਕਿਸਾਨਾਂ ਦੀਆਂ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਵਲੋਂ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਲੀਡਰਸ਼ਿਪ ਨੂੰ ਲਾਈ ਗਈ ਧਾਰਮਿਕ ਸਜ਼ਾ ਤਹਿਤ ਸੇਵਾ ਦਾ ਆਖਰੀ ਪੜਾਅ ਸ੍ਰੀ ਮੁਕਤਸਰ ਸਾਹਿਬ ਵਿਖੇ 12 ਦਸੰਬਰ ਨੂੰ ਮੁਕੰਮਲ ਹੋਵੇਗਾ

## ਹਿਮਾਚਲ ਪ੍ਰਦੇਸ਼ ਵਿਚ ਹੋਈ ਬਰਫਬਾਰੀ ਕਾਰਨ ਮੈਦਾਨੀ ਇਲਾਕਿਆਂ ਵੱਧੀ ਠੰਢ



**ਜਲੰਧਰ, ਬਿੱਟੂ ਫੋਲੜੀਵਾਲ** --ਉੱਤਰ ਦੇ ਪਹਾੜਾਂ ’ਤੇ ਇਕ ਦੋ ਦਿਨਾਂ ਤੋਂ ਭਾਰੀ ਬਰਫਬਾਰੀ ਦਾ ਅਸਰ ਮੈਦਾਨੀ ਹਿੱਸਿਆਂ ’ਚ ਵੀ ਦਿਖਾਉਣ ਲੱਗਾ ਹੈ। ਸਰਦ ਹਵਾ ਦਾ ਦਾਇਰਾ ਵੱਧ ਗਿਆ ਹੈ। ਪਹਾੜਾਂ ’ਤੇ ਅਗਲੇ ਇਕ-ਦੋ ਦਿਨਾਂ ਤੱਕ ਬਰਫਬਾਰੀ ਜਾਰੀ ਰਹਿਣ ਦੇ ਆਸਾਰ ਹਨ। ਇਸਦੇ ਅਸਰ ਨਾਲ ਇਕ ਹਫਤੇ ਤੱਕ ਜੰਮੂ ਕਸ਼ਮੀਰ ਤੋਂ ਲੈ ਕੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਓਡੀਸ਼ਾ ਤੱਕ ਤਾਪਮਾਨ ’ਚ ਹੋਰ ਰੋਜ਼ ਗਿਰਾਵਟ ਆਉਂਦੀ ਜਾਏਗੀ। ਬਿਹਾਰ ਤੇ ਝਾਰਖੰਡ ਵੀ ਬੇਅਸਰ ਨਹੀਂ ਰਹਿਣਗੇ।

## ਮਹਾਰਾਸ਼ਟਰ ਵਿੱਚ ਸੰਵਿਧਾਨ ਦਾ ਪ੍ਰਤੀਰੂਪ ਤੋੜਨ ਖ਼ਿਲਾਫ਼ ਪਰਭਨੀ ’ਚ ਹਿੰਸਾ



**ਛਤਰਪਤੀ ਸੰਭਾਜੀ ਨਗਰ** -- ਮਹਾਰਾਸ਼ਟਰ ਦੇ ਪਰਭਨੀ ਸ਼ਹਿਰ ’ਚ ਸਥਾਪਤ ਭਾਰਤੀ ਸੰਵਿਧਾਨ ਦਾ ਪੱਥਰ ਦਾ ਪ੍ਰਤੀਰੂਪ ਤੋੜਨ ਦੇ ਵਿਰੋਧ ’ਚ ਅੱਜ ਦੂਜੇ ਦਿਨ ਵੀ ਹਿੰਸਕ ਮੁਜ਼ਾਹਰੇ ਹੋਏ ਜਿਸ ਮਗਰੋਂ ਪ੍ਰਸ਼ਾਸਨ ਨੇ ਪਾਬੰਦੀ ਦੇ ਹੁਕਮ ਲਾਗੂ ਕਰ ਦਿੱਤੇ ਹਨ।
ਅਧਿਕਾਰੀਆਂ ਨੇ ਦੱਸਿਆ ਕਿ ਅੰਬੇਡਕਰਵਾਦੀ ਕਾਰਕੁਨਾਂ ਵੱਲੋਂ ਦਿੱਤੇ ਗਏ ਬੰਦ ਦੇ ਸੱਦੇ ਦੌਰਾਨ ਭੀੜ ਨੇ ਅੱਗਜ਼ਨੀ ਕੀਤੀ ਤੇ ਜ਼ਿਲ੍ਹਾ ਕੁਲੈਕਟਰ ਦਫ਼ਤਰ ’ਚ ਭੰਨਤੋੜ ਕੀਤੀ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸ਼ਹਿਰ ’ਚ ਪਾਬੰਦੀ ਦੇ ਹੁਕਮ ਲਾਗੂ ਕਰ ਦਿੱਤੇ ਗਏ ਹਨ।

## ਐੱਨਆਈਏ ਦੀ ਟੀਮ ਵੱਲੋਂ ਪਿੰਡ ਮਾਝੀ ਵਿੱਚ ਫੌਜੀ ਜਵਾਨ ਦੇ ਘਰ ਛਾਪਾ




**ਭਵਾਨੀਗੜ੍ਹ, ਲੋਕ ਬਾਣੀ**--ਇੱਥੋਂ ਨੇੜਲੇ ਇਕ ਪਿੰਡ ਮਾਝੀ ਵਿੱਚ ਅੱਜ ਸਵੇਰੇ ਐੱਨਆਈਏ ਵੱਲੋਂ ਭਾਰਤੀ ਫੌਜ ਵਿੱਚ ਨੌਕਰੀ ਕਰਦੇ ਲਖਵੀਰ ਸਿੰਘ ਦੇ ਘਰ ਛਾਪਾ ਮਾਰ ਕੇ ਘਰ ਦੀ ਤਲਾਸ਼ੀ ਲਈ ਗਈ ਪਰ ਇਸ ਦੌਰਾਨ ਕੁਝ ਵੀ ਇਤਰਾਜ਼ਯੋਗ ਬਰਾਮਦ ਨਹੀਂ ਹੋਇਆ।
ਪ੍ਰਾਪਤ ਜਾਣਕਾਰੀ ਅਨੁਸਾਰ ਐੱਨਆਈਏ ਦੀ ਟੀਮ ਵੱਲੋਂ ਭਵਾਨੀਗੜ੍ਹ ਪੁਲੀਸ ਦੀ ਮਦਦ ਨਾਲ ਤੜਕੇ ਕਰੀਬ 6.30 ਵਜੇ ਫੌਜੀ ਜਵਾਨ ਲਖਵੀਰ ਸਿੰਘ ਦੇ ਘਰ ਛਾਪਾ ਮਾਰਿਆ ਗਿਆ। ਕਰੀਬ ਦੋ ਤੋਂ ਢਾਈ ਘੰਟੇ ਤੱਕ ਉਕਤ ਜਵਾਨ ਦੇ ਘਰ ਦੀ ਤਲਾਸ਼ੀ ਲੈਣ ਦੇ ਨਾਲ-ਨਾਲ ਪਰਿਵਾਰਕ ਮੈਂਬਰਾਂ ਕੋਲੋਂ ਪੁੱਛ-ਪੜਤਾਲ ਕੀਤੀ ਗਈ।

B.N REAL ESTATE
( ਪ੍ਰਾਪਰਟੀ ਡੀਲਰ )
ਐਗਰੀਕਲਚਰ ਲੈਂਡ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ |

91000-79-579 | 98141-92-632
Shop No 5,Adda Kapur Pind,Opp IndusInd Bank,Jalandhar.

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 9915594111

# ਪੰਜਾਬ ਸਰਕਾਰ ਵੱਲੋਂ ਪਲੇਅ ਵੇਅ ਸਕੂਲਾਂ ਲਈ ਆਨ-ਲਾਈਨ ਰਜਿਸਟ੍ਰੇਸ਼ਨ ਕਰਨ ਲਈ ਹਦਾਇਤਾਂ ਜ਼ਾਰੀ: ਡਾ ਬਲਜੀਤ ਕੌਰ

ਚੰਡੀਗੜ੍ਹ, (ਲੋਕ ਬਾਣੀ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਹੋਰ ਵਰਗਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ ਉਥੇ ਹੀ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਇਸੇ ਲੜੀ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਪਲੇਅ ਵੇਅ ਸਕੂਲਾਂ ਲਈ ਆਨ-ਲਾਈਨ ਰਜਿਸਟ੍ਰੇਸ਼ਨ ਕਰਨ ਲਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਸਕੂਲਾਂ ਵਿਚ ਖੇਡਣ ਲਈ ਥਾਂ ਹੋਣਾ ਲਾਜ਼ਮੀ ਹੈ ਅਤੇ ਇਸ ਦੇ ਨਾਲ ਹੀ ਸਕੂਲਾਂ ਵਿਚ ਕੈਮਰੇ ਵੀ ਜ਼ਰੂਰੀ ਲੱਗੇ ਹੋਣੇ ਚਾਹੀਦੇ ਹਨ।

ਡਾ: ਬਲਜੀਤ ਕੌਰ ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿੱਚ ਦਾਖਲ ਕਰਵਾਉਣ ਤੋਂ ਪਹਿਲਾਂ ਇਹ ਜਾਂਚ ਕਰਨ ਕਿ ਸਕੂਲ ਦਾ ਰਜਿਸਟਰਡ ਹੈ ਜਾਂ ਨਹੀਂ। ਇਸ ਸਬੰਧੀ ਜਾਣਕਾਰੀ ਸਮਾਜ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਨਹੀਂ ਹੋਣ ਦਿੱਤਾ ਜਾਵੇਗਾ। ਇੱਕ ਕਮਰੇ ਵਿੱਚ ਚੱਲ ਰਹੇ ਪਲੇਅ ਵੇਅ ਸਕੂਲ ਪੂਰੀ ਤਰ੍ਹਾਂ ਬੰਦ ਕਰਵਾਏ ਜਾਣਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਬੱਚਿਆਂ ਦੀ ਸਮੇ ਸਿਰ ਸਿਹਤ ਜਾਂਚ ਕਰਾਉਣੀ ਅਤੇ ਇਮਿਊਨਾਈਜ਼ੇਸ਼ਨ ਦਾ ਰਿਕਾਰਡ ਰੱਖਣਾ ਸਕੂਲਾਂ ਵੱਲੋਂ ਯਕੀਨੀ ਬਣਾਇਆ ਜਾਵੇਗਾ । ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿਚ ਇਸ ਪੋਲਿਸੀ ਉੱਪਰ ਜ਼ਮੀਨੀ ਪੱਧਰ ਤੇ ਕੰਮ ਕਰਕੇ , ਇਕ ਮਜ਼ਬੂਤ ਆਨਲਾਈਨ ਸਿਸਟਮ ਰਾਹੀਂ ਸਕੂਲਾਂ ਦੀ ਰਜਿਸਟ੍ਰੇਸ਼ਨ ਸ਼ੁਰੂ ਹੋਣ ਜਾ ਰਹੀ ਹੈ ।

ਮੰਤਰੀ ਨੇ ਦੱਸਿਆ ਕਿ ਪਲੇਅ ਵੇਅ ਸਕੂਲਾਂ ਵਿੱਚ ਬਚਪਨ ਦੇ ਸ਼ੁਰੂਆਤੀ ਵਿਕਾਸ ਲਈ ਬੱਚਿਆਂ ਨੂੰ ਖੇਡਾਂ ਦੇ ਜਰੀਏ ਪੜ੍ਹਾਇਆ ਜਾਵੇਗਾ, ਜਿਸ ਨਾਲ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਨਿਖਾਰ ਆਵੇਗਾ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸਿਹਤ ਦੇ ਧਿਆਨ ਹਿੱਤ ਪੇਰੈਂਟਸ ਟੀਚਰ ਵਟਸਅੱਪ ਗਰੁੱਪ ਬਣਾਏ ਜਾਣਗੇ।

# ਵਿਜੀਲੈਂਸ ਬਿਊਰੋ ਨੇ 20,000 ਰੁਪਏ ਰਿਸ਼ਵਤ ਲੈਂਦੇ ਪਟਵਾਰੀ ਨੂੰ ਰੰਗੇ ਹੱਥੀਂ ਕੀਤਾ ਕਾਬੂ

ਚੰਡੀਗੜ੍ਹ, (ਲੋਕ ਬਾਣੀ) : ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਅੱਜ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਿਲ੍ਹਾ ਲਾਲ ਸਿੰਘ ਵਿਖੇ ਤਾਇਨਾਤ ਪਟਵਾਰੀ ਸੁਰਜੀਤ ਸਿੰਘ ਨੂੰ 20000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਗੁਰਦਾਸਪੁਰ ਦੇ ਪਿੰਡ ਕਿਲ੍ਹਾ ਲਾਲ ਸਿੰਘ ਵਾਸੀ ਵਰਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹਨਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਸਦੀ ਜ਼ਮੀਨ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਦੁਆਰਾ ਐਕਸਪ੍ਰੈਸ ਵੇਅ ਦੇ ਨਿਰਮਾਣ ਲਈ ਐਕੁਆਇਰ ਕੀਤੀ ਸੀ ਅਤੇ ਮੁਲਜ਼ਮ ਪਟਵਾਰੀ ਨੇ ਉਸਦੇ ਹੱਕ ਵਿੱਚ ਜ਼ਮੀਨ ਵਿੱਚ ਤਿੰਨ ਬੋਰਵੈੱਲ ਹੋਣ ਸਬੰਧੀ ਰਿਪੋਰਟ ਦੇਣ ਬਦਲੇ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਕਾਰਵਾਈ ਜਾਰੀ ਹੈ।

# ਆਪ ਦਿੱਲੀ ਚੋਣਾਂ ਆਪਣੇ ਦਮ ਤੇ ਲੜੇਗੀ:ਕੇਜਰੀਵਾਲ ਨੇ ਕਿਹਾ- 3 ਵਾਰ ਇਕੱਲੇ ਜਿੱਤੀ, ਇਸ ਵਾਰ ਵੀ ਜਿੱਤਾਂਗੇ



ਨਵੀਂ ਦਿੱਲੀ (ਲੋਕ ਬਾਣੀ) – ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਸਾਬਕਾ ਮੁੱਖ ਮਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਵਿਚਾਲੇ ਗਠਜੋੜ ਦੀਆਂ ਅਟਕਲਾਂ ਨੂੰ ਸ਼ਪੱਸਟ ਕਰ ਦਿੱਤਾ। ਆਪ ਮੁਖੀ ਕੇਜਰੀਵਾਲ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਆਪਣੇ ਦਮ ਤੇ ਚੋਣਾਂ ਲੜੇਗੀ। ਕਾਂਗਰਸ ਨਾਲ ਕਿਸੇ ਵੀ ਤਰ੍ਹਾਂ ਦੇ ਗਠਜੋੜ ਦੀ ਕੋਈ ਸੰਭਾਵਨਾ ਨਹੀਂ ਹੈ। ਬੁੱਧਵਾਰ ਨੂੰ ਇਹ ਖਬਰ ਸਾਹਮਣੇ ਆਈ ਸੀ ਕਿ ਆਪ ਦਿੱਲੀ ਵਿਧਾਨ ਸਭਾ ਚੋਣਾਂ ਚ ਕਾਂਗਰਸ ਨੂੰ 15 ਸੀਟਾਂ ਦੇਣ ਤੇ ਵਿਚਾਰ ਕਰ ਰਹੀ ਹੈ ਪਰ ਕੇਜਰੀਵਾਲ ਨੇ ਐਕਸ ਤੇ ਇਕ ਪੋਸਟ ਰਾਹੀਂ ਗਠਜੋੜ ਦੀ ਗੱਲ ਨੂੰ ਰੱਦ ਕਰ ਦਿੱਤਾ ਹੈ।

# ਕਿਸਾਨ ਆਗੂ ਡੱਲੇਵਾਲ ਦੀ ਵਿਗੜਦੀ ਸਿਹਤ ਨੂੰ ਲੈ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦਾ ਬਿਆਨ ਆਇਆ ਸਾਹਮਣੇ, ਕਿਹਾ- ਪੰਜਾਬ ਸਰਕਾਰ ਜਲਦ ਹੀ..



ਚੰਡੀਗੜ੍ਹ-(ਲੋਕ ਬਾਣੀ) ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਸਿਹਤ ਨੂੰ ਲੈ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਆਇਆ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਨੂੰ ਡੱਲੇਵਾਲ ਵਰਗੇ ਵਿਅਕਤੀ ਦੀ ਬਹੁਤ ਲੋੜ ਹੈ। ਪੰਜਾਬ ਸਰਕਾਰ ਨੂੰ ਇਸ ਮਾਮਲੇ ਸਬੰਧੀ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ।

ਦੱਸ ਦੇਈਏ ਕਿ ਪਿਛਲੇ ਦੋ ਹਫਤਿਆਂ ਤੋਂ ਵੀ ਵੱਧ ਸਮੇਂ ਤੋਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਖਿਲਾਫ ਮਰਨ ਵਰਤ ਤੇ ਹਨ। ਜਿਸ ਕਾਰਨ ਡੱਲੇਵਾਲ ਦੀ ਸਿਹਤ ਵਿਗੜ ਰਹੀ ਹੈ।

ਇਸ ਮਾਮਲੇ ਤੇ ਚਿੰਤਾ ਪ੍ਰਗਟ ਕਰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਸਭ ਤੋਂ ਪਹਿਲਾਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ । ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨੀਆਂ ਜਾਣ, ਕਿਉਂਕਿ ਜਿਸ ਤਰ੍ਹਾਂ ਉਹ ਪਿਛਲੇ 2 ਹਫਤਿਆਂ ਤੋਂ ਲਗਾਤਾਰ ਮਰਨ ਵਰਤ ਤੇ ਬੈਠੇ ਹਨ, ਉਨ੍ਹਾਂ ਦੀ ਸਿਹਤ ਦਿਨੋਂ-ਦਿਨ ਵਿਗੜਦੀ ਜਾ ਰਹੀ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਅੱਜ ਸਾਨੂੰ ਉਨ੍ਹਾਂ ਦੀ ਬਹੁਤ ਲੋੜ ਹੈ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਤਾਂ ਜੋ ਉਹ ਜਲਦੀ ਆਪਣਾ ਮਰਨ ਵਰਤ ਤੋੜ ਸਕੇ। ਕਿਉਂਕਿ ਅੱਜ ਦੇਸ਼ ਦੇ ਲੋਕਾਂ ਨੂੰ ਅਜਿਹੇ ਸੰਘਰਸ਼ਸ਼ੀਲ ਲੋਕਾਂ ਦੀ ਲੋੜ ਹੈ, ਜੇਕਰ ਅਜਿਹੇ ਲੋਕ ਹੋਣ ਤਾਂ ਹੀ ਕੋਈ ਵੀ ਸੰਘਰਸ਼ ਜਿੱਤਿਆ ਜਾ ਸਕਦਾ ਹੈ।

# ਨਸ਼ਾ ਮੁਕਤ-ਰੰਗਲਾ ਪੰਜਾਬ ਪੈਦਲ ਯਾਤਰਾ 'ਚ ਵੱਡੀ ਗਿਣਤੀ ਔਰਤਾਂ ਤੇ ਨੌਜਵਾਨਾਂ ਦੀ ਸ਼ਮੂਲੀਅਤ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਦਿੱਤਾ ਵੱਡਾ ਹੁਲਾਰਾ : ਰਾਜਪਾਲ ਪੰਜਾਬ ਗੁਲਾਬ

ਕਰਤਾਰਪੁਰ, (ਜਲੰਧਰ), (ਲੋਕ ਬਾਣੀ) : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ 'ਨਸ਼ਾ ਮੁਕਤ-ਰੰਗਲਾ ਪੰਜਾਬ' ਮੁਹਿੰਮ ਤਹਿਤ ਨਸ਼ਿਆਂ ਖਿਲਾਫ਼ ਕੱਢੀ ਗਈ ਦੋ ਦਿਨਾਂ ਪੈਦਲ ਯਾਤਰਾ ਦੇ ਦੂਜੇ ਤੇ ਆਖਰੀ ਦਿਨ ਜੰਗ-ਏ-ਆਜ਼ਾਦੀ ਯਾਦਗਾਰ ਵਿਖੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਯਾਤਰਾ ਵਿੱਚ ਵੱਡੀ ਗਿਣਤੀ ਔਰਤਾਂ ਤੇ ਨੌਜਵਾਨ ਲੜਕੇ-ਲੜਕੀਆਂ ਦੀ ਸ਼ਮੂਲੀਅਤ ਰੰਗਲੇ ਪੰਜਾਬ ਦੀ ਸਿਰਜਣਾ ਲਈ ਸ਼ੁਭ ਸੰਕੇਤ ਹੈ।

ਅੱਜ ਸਥਾਨਕ ਜੰਗ-ਏ-ਆਜ਼ਾਦੀ ਯਾਦਗਾਰ ਵਿਖੇ ਪਿੰਡ ਭੱਠੇ ਤੋਂ 7 ਕਿਲੋਮੀਟਰ ਪੈਦਲ ਯਾਤਰਾ ਦੀ ਸਮਾਪਤੀ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਟਾਰੀਆ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ ਅਤੇ ਸ਼ਹੀਦਾਂ ਦੀ ਧਰਤੀ ਹੈ, ਜਿਨ੍ਹਾਂ ਸੂਬੇ, ਦੇਸ਼ ਅਤੇ ਕੌਮ ਲਈ ਮਹਾਨ ਕੁਰਬਾਨੀਆਂ ਦਿੱਤੀਆਂ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਅਤੇ ਪੰਜਾਬ ਦੀ ਅਮੀਰ ਵਿਰਾਸਤ ਦੀ ਬਹਾਲੀ ਲਈ ਨਸ਼ਿਆਂ ਖਿਲਾਫ਼ ਲੜਾਈ ਵਿੱਚ ਯੋਗਦਾਨ ਪਾਈਏ। ਉਨ੍ਹਾਂ ਕਿਹਾ ਕਿ 10 ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਇਸ ਅਲਾਮਤ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਦਿੱਤੀਆਂ ਲਾਸਾਨੀ ਸ਼ਹਾਦਤਾਂ ਦਾ ਜ਼ਿਕਰ ਕਰਦਿਆਂ ਕਟਾਰੀਆ ਨੇ ਪੰਜਾਬ ਦੇ ਲੋਕਾਂ ਖਾਸ ਕਰ ਮਹਿਲਾਵਾਂ ਨੂੰ ਨਸ਼ਿਆਂ ਖ਼ਿਲਾਫ਼ ਮੈਦਾਨ ਵਿੱਚ ਨਿੱਤਰਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਔਰਤਾਂ ਸਮਾਜ ਵਿੱਚ ਬਹੁਤ ਅਹਿਮ ਸਥਾਨ ਰੱਖਦੀਆਂ ਹਨ, ਖਾਸ ਕਰ ਮਾਵਾਂ, ਜੋ ਆਪਣੇ ਬੱਚਿਆਂ ਨੂੰ ਸਹੀ ਸੇਧ ਦੇ ਕੇ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਵਿੱਚ ਮਹੱਤਵਪੂਰਣ ਰੋਲ ਅਦਾ ਕਰ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਨਸ਼ੇ ਵਿਰੁੱਧ ਜੰਗ ਨੂੰ ਸਿਰਫ਼ ਸਰਕਾਰਾਂ ਦੀਆਂ ਕੋਸ਼ਿਸ਼ਾਂ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ, ਸਗੋਂ ਜਦੋਂ ਲੋਕ ਆਪਸੀ ਸਮਝ ਅਤੇ ਜ਼ਿੰਮੇਵਾਰੀ ਨਾਲ ਇਸ ਲੜਾਈ ਵਿੱਚ ਸ਼ਾਮਲ ਹੁੰਦੇ ਹਨ,



ਤਾਂ ਅਜਿਹੀਆਂ ਮੁਹਿੰਮਾਂ ਦੀ ਸਫ਼ਲਤਾ ਹੋਰ ਯਕੀਨੀ ਬਣਦੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ ਪਰ ਆਉਣ ਵਾਲੀਆਂ ਪੀੜ੍ਹੀਆਂ ਲਈ ਨਸ਼ਾ ਮੁਕਤ ਭਵਿੱਖ ਸਿਰਜਣ ਲਈ ਸਾਨੂੰ ਸਭ ਨੂੰ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ।

ਰਾਜਪਾਲ ਨੇ ਕਿਹਾ ਕਿ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਜਲਦ ਹੀ ਅੰਤਰ-ਧਰਮ ਸੰਵਾਦ ਕਰਵਾਇਆ ਜਾਵੇਗਾ ਅਤੇ ਸਾਰੇ ਧਰਮਾਂ ਦੇ ਲੋਕਾਂ ਨੂੰ ਨਾਲ ਲੈ ਕੇ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਉਸਾਰੀ ਜਾਵੇਗੀ। ਸੂਬੇ ਦੀ ਅਮੀਰ ਵਿਰਾਸਤ ਅਤੇ ਸਿਰੜੀ ਤੇ ਉੱਦਮੀ ਲੋਕਾਂ ਦੀ ਸ਼ਲਾਘਾ ਕਰਦਿਆਂ ਕਟਾਰੀਆ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਅਤੇ ਹਰੇ ਇਨਕਲਾਬ ਵਿੱਚ ਪੰਜਾਬ ਦਾ ਮੋਹਰੀ ਰੋਲ ਰਿਹਾ ਹੈ ਅਤੇ ਨਸ਼ਿਆਂ ਨੂੰ ਠੱਲ੍ਹ ਪਾ ਕੇ ਸੂਬਾ ਜਿਥੇ ਦੇਸ਼ ਵਿੱਚ ਹੋਰ ਤਾਕਤਵਰ ਬਣ ਕੇ ਉੱਭਰ ਸਕਦਾ ਹੈ ਉਥੇ ਵਿਕਸਤ ਭਾਰਤ ਵਿੱਚ ਵੀ ਮਹੱਤਵਪੂਰਣ ਭੂਮਿਕਾ ਅਦਾ ਕਰ ਸਕਦਾ ਹੈ।

ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਦੇ ਅਭਿਆਨ ਨੂੰ ਅੱਗੇ ਵਧਾਉਣ ਲਈ ਯਾਤਰਾ ਵਿੱਚ ਸ਼ਮੂਲੀਅਤ ਕਰਨ ਵਾਲੇ ਲੋਕਾਂ, ਔਰਤਾਂ, ਨੌਜਵਾਨਾਂ, ਸਮਾਜਿਕ ਸੰਸਥਾਵਾਂ, ਪੰਚਾਇਤਾਂ, ਸਕੂਲਾਂ, ਕਾਲਜਾਂ ਦਾ ਧੰਨਵਾਦ ਕਰਦਿਆਂ ਰਾਜਪਾਲ ਨੇ ਕਿਹਾ ਕਿ ਨਸ਼ਾ ਮੁਕਤ ਭਾਰਤ ਅਭਿਆਨ ਅਧੀਨ ਨਸ਼ਾ ਮੁਕਤ ਰੰਗਲਾ ਪੰਜਾਬ ਤਹਿਤ 10 ਦਿਨ ਲਗਾਤਾਰ ਪੈਦਲ ਯਾਤਰਾ ਕੀਤੀ ਜਾਵੇਗੀ ਅਤੇ ਨਸ਼ਿਆਂ ਦੇ ਖਾਤਮੇ ਲਈ ਘਰ-ਘਰ ਸੁਨੇਹਾ ਪਹੁੰਚਾਇਆ ਜਾਵੇਗਾ।

ਇਸ ਮੌਕੇ ਦੌੜਾਕ ਫੌਜਾ ਸਿੰਘ ਦਾ ਸਨਮਾਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਕਰੀਬ 113 ਸਾਲ ਦੀ ਉਮਰ ਵਿੱਚ ਨਸ਼ਿਆਂ ਖਿਲਾਫ਼ ਜੰਗ ਵਿੱਚ ਨਿੱਤਰ ਕੇ ਸ਼੍ਰੀ ਸਿੰਘ ਨੇ ਮਿਸਾਲ ਪੈਦਾ ਕੀਤੀ ਹੈ, ਜਿਸ ਤੋਂ ਹਰੇਕ ਪੰਜਾਬੀ ਨੂੰ ਪ੍ਰੇਰਨਾ ਲੈਂਦਿਆਂ ਨਸ਼ਿਆਂ ਨੂੰ ਜੜ੍ਹੋਂ ਪੁੱਟ ਸੁੱਟਣ ਦਾ ਅਹਿਦ ਕਰਨਾ ਚਾਹੀਦਾ ਹੈ। ਸਾਬਕਾ ਰਾਜ ਸੂਚਨਾ ਕਮਿਸ਼ਨਰ ਤੇ ਉੱਘੇ ਲੇਖਕ ਖੁਸ਼ਵੰਤ ਸਿੰਘ ਨੂੰ ਵੀ ਇਸ ਮੌਕੇ ਸਨਮਾਨਿਤ ਕੀਤਾ ਗਿਆ। ਪੈਦਲ ਯਾਤਰਾ ਦੌਰਾਨ ਜਗ੍ਹਾ-ਜਗ੍ਹਾ 'ਤੇ ਸਕੂਲ, ਕਾਲਜ ਅਤੇ ਪਿੰਡ ਦੇ ਲੋਕਾਂ ਵੱਲੋਂ ਲੰਗਰ ਲਾ ਕੇ ਯਾਤਰਾ ਦਾ ਸਵਾਗਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਦੋ ਦਿਨਾ ਪੈਦਲ ਯਾਤਰਾ ਦੇ ਅੱਜ ਦੂਜੇ ਦਿਨ ਰਾਜਪਾਲ ਵੱਲੋਂ ਪਿੰਡ ਭੱਠੇ ਦੇ ਨੋਬਲ ਸਕੂਲ ਤੋਂ ਯਾਤਰਾ ਦੀ ਸ਼ੁਰੂਆਤ ਕੀਤੀ ਗਈ, ਜੋ ਕਿ ਕਰੀਬ 7 ਕਿਲੋਮੀਟਰ ਦੀ ਦੂਰੀ ਤੈਅ ਕਰਦੀ ਹੋਈ ਜੰਗ-ਏ-ਆਜ਼ਾਦੀ ਯਾਦਗਾਰ ਵਿਖੇ ਸਮਾਪਤ ਹੋਈ। ਦੋ ਰੋਜ਼ਾ ਯਾਤਰਾ ਦੇ ਦੋਵੇਂ ਦਿਨ ਸ਼੍ਰੀ ਕਟਾਰੀਆ ਵੱਲੋਂ ਖੁਦ ਪੈਦਲ ਤੁਰ ਕੇ ਇਸ ਯਾਤਰਾ ਦੀ ਅਗਵਾਈ ਕੀਤੀ ਗਈ। ਇਸ ਪੈਦਲ ਯਾਤਰਾ ਵਿੱਚ ਸਕੱਤਰ ਰੈੱਡ ਕਰਾਸ ਸੁਸਾਇਟੀ ਪੰਜਾਬ ਸ਼ਿਵ ਦੁਲਾਰ ਸਿੰਘ ਢਿੱਲੋਂ, ਡਾਇਰੈਕਟਰ ਐਮ.ਐਚ.ਏ. (ਸੈਂਸਜ਼ ਐਂਡ ਸਿਟੀਜ਼ਨਸ਼ਿਪ) ਲਲਿਤ ਜੈਨ, ਸਾਬਕਾ ਸੂਚਨਾ ਕਮਿਸ਼ਨਰ ਤੇ ਉੱਘੇ ਲੇਖਕ ਖੁਸ਼ਵੰਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ. ਅਮਿਤ ਮਹਾਜਨ, ਐਸ.ਡੀ.ਐਮ. ਬਲਬੀਰ ਰਾਜ ਸਿੰਘ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ, ਸਮਾਜਿਕ ਸੰਸਥਾਵਾਂ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।


## ਦੂਸਰੀ ਵਰੇਗੰਢ ਮੁਬਾਰਕ ।



ਰੋਜ਼ਾਨਾ ਲੋਕ ਬਾਣੀ
www.lokbani

ਸ੍ਰ ਪਰਮਿੰਦਰ ਸਿੰਘ ਸੋਹੀ ਅਤੇ ਅਰਸ਼ਦੀਪ ਕੌਰ ਫਰੀਦਪੁਰ ਕਲਾਂ (ਮਾਲੇਰਕੋਟਲਾ) ਨੂੰ ਵਿਆਹ ਦੀ ਦੂਸਰੀ ਵਰੇਗੰਢ ਮੁਬਾਰਕ ।


# ਰਾਜਸਥਾਨ, 50 ਘੰਟਿਆਂ ਤੋਂ ਬੋਰਵੈੱਲ ਚ ਫਸਿਆ 5 ਸਾਲਾ ਮਾਸੂਮ ਬੱਚਾ, ਮਾਂ ਦੀ ਵਿਗੜੀ ਸਿਹਤ, ਬਚਾਅ ਕਾਰਜ



ਰਾਜਸਥਾਨ (ਲੋਕ ਬਾਣੀ) - ਰਾਜਸਥਾਨ ਦੇ ਦੌਸਾ ਜ਼ਿਲ੍ਹੇ ਵਿੱਚ 5 ਸਾਲ ਦੇ ਮਾਸੂਮ ਬੱਚਾ (ਆਰੀਅਨ) ਦੇ ਬੋਰਵੈੱਲ ਵਿੱਚ ਡਿੱਗੇ ਨੂੰ ਕਰੀਬ 50 ਘੰਟੇ ਹੋ ਗਏ ਹਨ। ਬੱਚੇ ਨੂੰ ਬਾਹਰ ਕੱਢਣ ਲਈ ਬੋਰਵੈੱਲ ਤੋਂ ਕਰੀਬ 6 ਫੁੱਟ ਦੀ ਦੂਰੀ ਤੇ 155 ਫੁੱਟ ਦਾ ਨਵਾਂ ਟੋਆ ਪੁੱਟਿਆ ਜਾ ਰਿਹਾ ਹੈ। ਕਰੀਬ 110 ਫੁੱਟ ਪੁੱਟਣ ਤੋਂ ਬਾਅਦ ਪਾਈਲਿੰਗ ਮਸ਼ੀਨ ਵਿੱਚ ਤਕਨੀਕੀ ਨੁਕਸ ਪੈ ਗਿਆ। ਇਸ ਕਾਰਨ ਖੁਦਾਈ ਦਾ ਕੰਮ ਰੁਕ ਗਿਆ। ਹੁਣ ਨਵੀਂ ਪਾਈਲਿੰਗ ਮਸ਼ੀਨ ਨਾਲ ਖੁਦਾਈ ਕੀਤੀ ਜਾ ਰਹੀ ਹੈ।

ਸ਼ਾਹਪੁਰਾ (ਜੈਪੁਰ) ਤੋਂ ਦੂਜੀ ਪਾਈਲਿੰਗ ਮਸ਼ੀਨ ਆਉਣ ਤੋਂ ਬਾਅਦ ਪਾਈਪ ਫਿਟਿੰਗ ਸਮੇਤ ਕਈ ਕੰਮਾਂ ਵਿੱਚ ਤੇਜ਼ੀ ਲਿਆਂਦੀ ਗਈ ਹੈ। ਪਾਈਲਿੰਗ ਮਸ਼ੀਨ ਨਾਲ ਖੁਦਾਈ ਕਰਨ ਤੋਂ ਬਾਅਦ ਚੂਹਾ ਮਾਈਨਿੰਗ (ਸੁਰੰਗ) ਤਕਨੀਕ ਰਾਹੀਂ ਬੱਚੇ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਦੀ ਵਰਤੋਂ ਗੈਰ-ਕਾਨੂੰਨੀ ਕੋਲਾ ਮਾਈਨਿੰਗ ਚ ਕੀਤੀ ਜਾਂਦੀ ਹੈ।ਦੂਜੇ ਪਾਸੇ ਬੱਚੇ ਦੀ ਮਾਂ ਗੁੱਡੀ ਦੇਵੀ ਦੀ ਤਬੀਅਤ ਸ਼ਾਮ 4 ਵਜੇ ਦੇ ਕਰੀਬ ਖਰਾਬ ਹੋ ਗਈ, ਜਿਸ ਤੋਂ ਬਾਅਦ ਡਾਕਟਰਾਂ ਦੀ ਟੀਮ ਮੌਕੇ ਤੇ ਪਹੁੰਚੀ ਅਤੇ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਇਸ ਦੇ ਨਾਲ ਹੀ ਦੌਸਾ ਵਿਧਾਨ ਸਭਾ ਸੀਟ ਤੇ ਹੋਈ ਜ਼ਿਮਨੀ ਚੋਣ ਚ ਭਾਜਪਾ ਦੇ ਉਮੀਦਵਾਰ ਜਗਮੋਹਨ ਮੀਨਾ ਵੀ ਮੌਕੇ ਤੇ ਮੌਜੂਦ ਹਨ। ਉਹ ਪਿੰਡ ਵਾਸੀਆਂ ਅਤੇ ਅਧਿਕਾਰੀਆਂ ਤੋਂ ਪਲ-ਪਲ ਜਾਣਕਾਰੀ ਲੈ ਰਹੇ ਹਨ।

ਬਚਾਅ ਕਾਰਜ ਨੂੰ ਦੇਖਣ ਲਈ ਵੱਡੀ ਗਿਣਤੀ ਚ ਪਿੰਡ ਵਾਸੀ ਮੌਕੇ ਤੇ ਇਕੱਠੇ ਹੋ ਗਏ। ਕੁਝ ਪਿੰਡ ਵਾਸੀ ਬਚਾਅ ਕਾਰਜ ਦੇਖਣ ਲਈ ਦਰੱਖਤਾਂ ਤੇ ਚੜ੍ਹ ਗਏ। ਭੀੜ ਨੂੰ ਕਾਬੂ ਕਰਨ ਲਈ ਪੁਲਿਸ ਤਾਇਨਾਤ ਕੀਤੀ ਗਈ ਹੈ

# ਪੰਜਾਬ ਲੋਕ ਰੰਗ (ਯੂਐੱਸਏ) ਅਤੇ ਸਤਿਕਾਰ ਰੰਗ ਮੰਚ ਮੋਹਾਲੀ ਦੇ ਉੱਤਮ ਸਦਕਾ ਪਿੰਡ ਬਰੌਲੀ ਵਿਖੇ ਖੇਡਿਆ ਨਾਟਕ 'ਜ਼ਫ਼ਰਨਾਮਾ'





ਖਰੜ, ( ਕਾਲਾ ਸਿੰਘ ਸੈਣੀ )-ਪੰਜਾਬ ਲੋਕ ਰੰਗ (ਯੂਐੱਸਏ) ਅਤੇ ਸਤਿਕਾਰ ਰੰਗ ਮੰਚ (ਰਜਿ.) ਮੋਹਾਲੀ ਦੇ ਉੱਦਮ ਸਦਕਾ ਲੇਖਕ ਅਤੇ ਨਿਰਦੇਸ਼ਕ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨਾਂ ਹੇਠ ਪਿੰਡ ਬਰੌਲੀ ਨੇੜੇ ਘੜੂੰਆਂ ਖਰੜ ਵਿਖੇ ਪੰਜਾਬੀ ਧਾਰਮਿਕ ਨਾਟਕ 'ਜ਼ਫ਼ਰਨਾਮਾ' ਦਾ ਮੰਚਨ ਕੀਤਾ ਗਿਆ। ਸ਼ਾਮ ਸਮੇਂ ਨਾਟਕ ਦਾ ਮੰਚਨ ਦੇਖਣ ਲਈ ਕੜਾਕੇ ਦੀ ਠੰਡ 'ਚ ਵੱਡੀ ਗਿਣਤੀ ਵਿੱਚ ਦੂਰੋ-ਨੇੜਿਓ ਪਿੰਡਾਂ ਦੇ ਲੋਕ ਨਾਟਕ ਦੇਖਣ ਲਈ ਪਹੁੰਚੇ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਿਤ ਨਾਟਕ ਨੇ ਦਰਸ਼ਕਾਂ ਨੂੰ ਭਾਵਨਾਮਕ ਤੌਰ 'ਤੇ ਕੀਲਿਆ।
ਨਾਟਕ ਵਿੱਚਲੇ ਕਲਾਕਾਰਾਂ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਆਪਣੀ ਵਿਲੱਖਣ ਕਲਾ ਨਾਲ ਬੰਨਿਆਂ। ਸੁਰਿੰਦਰ ਸਿੰਘ ਧਨੋਆ ਵਲੋਂ ਨਾਟਕ ਵਿੱਚਲੇ ਕਲਾਕਾਰਾਂ ਦੀ ਜਾਣ-ਪਛਾਣ ਕਰਵਾਈ ਗਈ। ਇਸ ਮੌਕੇ ਪਿੰਡ ਬਰੌਲੀ ਦੇ ਪੰਚਾਇਤ ਮੈਂਬਰਾਂ ਅਤੇ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਮਿਲੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਉਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਿੰਡ ਦੀ ਪੰਚਾਇਤ ਵਲੋਂ ਨਾਟਕ ਦੀ ਸਮੂਹ ਟੀਮ ਨੂੰ ਸਨਮਾਨਿਤ ਵੀ ਕੀਤਾ ਗਿਆ। ਨਾਟਕ 'ਜ਼ਫ਼ਰਨਾਮਾ' ਵਿੱਚ ਸੋਨੂੰ ਰਾਣਾ, ਜ਼ਸਵਿੰਦਰ ਸੇਖੋਂ, ਰਣਨੀਤ ਚੌਧਰੀ, ਰਾਜਵੀਰ ਮਵਾ,ਦਿਲਪ੍ਰੀਤ ਕੌਰ, ਅਨੂਪ ਚੀਮਾ, ਪਰਮਪਾਲ ਸਿੰਘ, ਸੁਰਿੰਦਰ ਕੌਰ, ਗੁਰਵੀਰ ਸਿੰਘ,ਦਰਸ਼ਨ ਔਜਲਾ, ਸਰਬਜੀਤ ਸਿੰਘ,ਹਰਸਿਮਰਨ ਕੌਰ,ਮਨਦੀਪ ਕੁਮਾਰ,ਮੁਕੇਸ਼ ਕੁਮਾਰ,ਮੁਕੰਦ ਲੂਮਾ ਅਤੇ ਮਿਰਜ਼ਾ ਵਲੋਂ ਵੱਖ-ਵੱਖ ਕਿਰਦਾਰ ਬਾਖੂਬੀ ਨਿਭਾਏ ਗਏ। ਉਨਾਂ ਦੱਸਿਆ ਕਿ 14 ਦਸਬੰਰ ਨੂੰ ਸ਼ਾਮ 5:30 ਵਜੇਂ ਸਥਾਨ 'ਫਤਿਹ ਮੀਨਾਰ,ਚੱਪੜ ਚਿੜੀ ਮੋਹਾਲੀ ਵਿਖੇ ਸਾਡੀ ਟੀਮ ਵਲੋਂ ਨਾਟਕ ਦਾ ਮੰਚਨ ਕੀਤਾ ਜਾਵੇਗਾ।

# ਸੱਤਾ ਅਤੇ ਤਾਕਤ ਮਨੁੱਖੀ ਅਧਿਕਾਰਾਂ ਦੇ ਹਨਨ ਲਈ ਜ਼ੁੰਮੇਵਾਰ- ਗੁਰਮੁੱਖ ਪ੍ਰੇਮੀ



ਫਗਵਾੜਾ, ( ਸੁਸ਼ੀਲ ਸ਼ਰਮਾ ) ਪ੍ਰਸਿੱਧ ਲੇਖਕ ਅਤੇ ਚਿੰਤਕ ਗੁਰਮੁੱਖ ਪ੍ਰੇਮੀ ਨੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਦੇ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਕਿਹਾ ਕਿ ਸੱਤਾ ਅਤੇ ਤਾਕਤ ਮਨੁੱਖੀ ਅਧਿਕਾਰਾਂ ਦੇ ਹਨਨ ਲਈ ਜ਼ੁੰਮੇਵਾਰ ਹੈ। ਉਹਨਾ ਕਿਹਾ ਕਿ ਚੰਗੇ ਤੋਂ ਚੰਗਾ ਸੰਵਿਧਾਨ ਵੀ ਖ਼ੂੰਖਾਰ ਤਾਕਤਾਂ ਅੱਗੇ ਬੇਬਸ ਦਿਸਦਾ ਹੈ, ਜਿਹੜੇ ਅਣਮਨੁੱਖੀ ਵਰਤਾਰੇ ਨਾਲ ਸਮਾਜਿਕ ਕਦਰਾਂ-ਕੀਮਤਾਂ ਦਾ ਘਾਣ ਕਰਦੇ ਹਨ। ਉਹਨਾ ਇਹ ਵੀ ਕਿਹਾ ਕਿ ਮਨੁੱਖ ਦੀ ਹੋਂਦ ਤੋਂ ਅੱਗੇ ਸਭਿਅਕ ਮਨੁੱਖ ਦਾ ਸਫ਼ਰ ਵਿਕਾਸ, ਤਰੱਕੀ, ਜੀਵਨ ਪੱਧਰ ਤੇ ਸੁਧਾਰ ਲਈ ਬੁੱਧੀ ਅਤੇ ਚੰਗੇਰੀ ਸੋਚ ਨਾਲ ਅੱਗੇ ਤੁਰਿਆ।
ਜਾਗਰੂਕ ਲੇਖਕਾਂ, ਚਿੰਤਕਾਂ ਦੇ ਇਸ ਸਮਾਗਮ ਵਿੱਚ ਮਨੁੱਖੀ ਹੱਕਾਂ ਲਈ ਲਿਖਣ ਵਾਲੇ ਸੋਹਨ ਸਹਿਜਲ, ਚਿੰਤਕ ਲੇਖਕ ਐਡਵੋਕੇਟ ਐਸ.ਐਲ ਵਿਰਦੀ, ਰਵਿੰਦਰ ਚੋਟ, ਸੋਨਿਕਾ ਰਾਣੀ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾ ਕਿਹਾ ਕਿ ਮੌਜੂਦਾ ਦੌਰ ਚ ਭਾਰਤ ਚ ਮਨੁੱਖੀ ਅਧਿਕਾਰਾਂ ਦਾ ਵਿਸ਼ਵ ਵਿੱਚ ਸਭ ਤੋਂ ਵੱਧ ਹਨਨ ਹੋ ਰਿਹਾ ਹੈ ਅਤੇ ਲੋਕ ਹੱਕਾਂ ਤੋਂ ਵਿਰਵੇ ਨਰਕ ਵਰਗੀ ਜ਼ਿੰਦਗੀ ਜੀਊਣ ਲਈ ਮਜ਼ਬੂਰ ਹਨ।
ਬਲਡੋਜ਼ਰ ਕਲਚਰ, ਵਿਰੋਧੀ ਵਿਚਾਰਾਂ ਉਤੇ ਲਗਾਤਾਰ ਵਾਰ, ਨਾ ਬਰਾਬਰੀ ਵਾਲੀ ਸਿੱਖਿਆ ਅਤੇ ਬੇਰਜ਼ੁਗਾਰੀ ਨੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਲਗਭਗ ਖ਼ਤਮ ਹੀ ਕੀਤਾ ਹੋਇਆ ਹੈ।
ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਨਛੱਤਰ ਭੋਗਲ, ਬੰਸੋ ਦੇਵੀ, ਕਮਲੇਸ਼ ਸੰਧੂ, ਪਰਵਿੰਦਰਜੀਤ ਸਿੰਘ, ਕੈਪਟਨ ਦਵਿੰਦਰ ਸਿੰਘ ਜੱਸਲ, ਪ੍ਰਿੰਸੀਪਲ ਤਰਸੇਮ ਸਿੰਘ, ਕੁਲਵੰਤ ਸਿੰਘ ਭਿੰਡਰ, ਮਾਸਟਰ ਮਨਦੀਪ ਸਿੰਘ, ਨਿਆਣਾ ਹਰਜਿੰਦਰ, ਹਰਬੰਸ ਸਿੰਘ ਆਦਿ ਹਾਜ਼ਰ ਹੋਏ।

# ਕਾਨਪੁਰ ਚ ਵਿਦਿਆਰਥਣ ਦੀ ਗੋਲੀ ਨਾਲ ਮੌਤ ਦੇ ਮਾਮਲੇ ਚ ਪਿਤਾ ਨੂੰ ਬੰਦੂਕ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ

**ਆਪਣੇ ਵਿਰੋਧੀਆਂ ਨੂੰ ਫਸਾਉਣ ਲਈ ਉਸ ਨੇ ਆਪਣੀ ਹੀ ਧੀ ਨੂੰ ਗੋਲੀ ਮਾਰ ਦਿੱਤੀ।**

ਕਾਨਪੁਰ:(ਸੁਨੀਲ ਬਾਜਪਾਈ) ਬਿਧਨੂ ਵਿੱਚ ਇੱਕ ਵਿਦਿਆਰਥੀ ਦੀ ਗੋਲੀ ਨਾਲ ਮੌਤ ਦੇ ਮਾਮਲੇ ਵਿੱਚ ਪੁਲਿਸ ਨੇ ਉਸਦੇ ਪਿਤਾ ਨੂੰ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਦੋ ਕਾਰਤੂਸ ਵੀ ਬਰਾਮਦ ਹੋਏ ਹਨ। ਪੁਲਸ ਨੇ ਖੁਦ ਇਸ ਮਾਮਲੇ ਚ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਅਨੁਸਾਰ ਇਹ ਮਾਮਲਾ ਆਨਰ ਕਿਲਿੰਗ ਨਾਲ ਵੀ ਜੁੜਿਆ ਹੋਇਆ ਹੈ ਕਿਉਂਕਿ ਵਿਦਿਆਰਥੀ ਦੀ ਇੱਕ ਲੜਕੇ ਨਾਲ ਦੋਸਤੀ ਸੀ ਅਤੇ ਜਿਸ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਉਸ ਦਾ ਪਿਤਾ ਵੀ ਇਸ ਦਾ ਵਿਰੋਧ ਕਰ ਰਿਹਾ ਸੀ।
ਪੁਲਿਸ ਅਨੁਸਾਰ ਆਰਮਜ਼ ਐਕਟ ਸਮੇਤ ਸਬੂਤਾਂ ਨੂੰ ਛੁਪਾਉਣ ਅਤੇ ਸਰਕਾਰੀ ਕਰਮਚਾਰੀ ਨੂੰ ਗਲਤ ਸੂਚਨਾ ਦੇਣ ਦੇ ਦੋਸ਼ ਚ ਮੁਲਜ਼ਮਾਂ ਦੇ ਖਿਲਾਫ ਬਿਧਨੂ ਥਾਣੇ ਚ ਐਫਆਈਆਰ ਦਰਜ ਕੀਤੀ ਗਈ ਹੈ।
ਘਟਨਾ ਦੀ ਜਾਣਕਾਰੀ ਰੱਖਣ ਲਈ ਏ ਜਾਮੂ ਪਿੰਡ ਦਾ ਰਹਿਣ ਵਾਲਾ ਵਿਨੈ ਸਿੰਘ ਚੰਦੇਲ ਇੱਕ ਵਕੀਲ ਦੇ ਦਫ਼ਤਰ ਵਿੱਚ ਕਲਰਕ ਹੈ। ਬੀਤੇ ਸ਼ੁੱਕਰਵਾਰ ਸਵੇਰੇ ਕਰੀਬ 11.30 ਵਜੇ ਵਿਨੈ ਦੀ ਬੇਟੀ ਸ਼੍ਰੇਆ ਨੇ ਘਰ ਦੇ ਅੰਦਰ ਹੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮੌਕੇ ਤੇ ਪਹੁੰਚ ਕੇ ਜਾਂਚ ਕੀਤੀ ਤਾਂ ਉਨ੍ਹਾਂ ਕੋਲੋਂ ਇਕ ਪਿਸਤੌਲ ਬਰਾਮਦ ਹੋਇਆ। ਪਰ ਵਰਤੀ ਗਈ ਗੋਲੀ 312 ਬੋਰ ਦੀ ਸੀ। ਇਸ ਨੂੰ ਲੈ ਕੇ ਪੁਲਿਸ ਹੈਰਾਨ ਰਹਿ ਗਈ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਨੂੰ ਅੱਗੇ ਵਧਾ ਦਿੱਤਾ ਹੈ।ਜਿਸ ਤਹਿਤ ਪੁਲਿਸ ਨੇ ਪਿਤਾ ਵਿਨੈ ਸਿੰਘ ਚੰਦੇਲ ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ। ਪੁਲਸ ਦੇ ਵਧਦੇ ਦਬਾਅ ਨੂੰ ਦੇਖਦਿਆਂ ਪਿਤਾ ਘਟਨਾ ਚ ਵਰਤੀ ਗਈ ਪਿਸਤੌਲ ਨੂੰ ਛੁਪਾਉਣ ਲਈ ਪੈਦਲ ਹੀ ਪਿੰਡ ਜਮੂ ਤੋਂ ਘਟਮਪੁਰ ਲਈ ਰਵਾਨਾ ਹੋ ਗਿਆ। ਰਸਤੇ ਵਿੱਚ ਉਹ ਬੰਦੂਕ ਛੁਪਾਉਣ ਲਈ ਢੁੱਕਵੀਂ ਥਾਂ ਲੱਭ ਰਿਹਾ ਸੀ।
ਇਸੇ ਦੌਰਾਨ ਪੁਲੀਸ ਨੂੰ ਇਸ ਸਬੰਧੀ ਸੂਚਨਾ ਮਿਲੀ। ਥਾਣਾ ਬਿਧੰਨੂ ਵਿੱਚ ਤਾਇਨਾਤ ਐਸਆਈ ਮੁਕੇਸ਼ ਕੁਮਾਰ ਬਾਜਪਾਈ ਆਪਣੀ ਟੀਮ ਨਾਲ ਕਿਸਾਨ ਨਗਰ ਰੋਡ 'ਤੇ ਪਿੰਡ ਜਾਮੂ ਵੱਲ ਜਾ ਰਹੇ ਸਨ। ਦੇਸੀ ਸ਼ਰਾਬ ਦੀ ਦੁਕਾਨ ਭਵਾਨੀਪੁਰ ਤੇ ਪਹੁੰਚਣ ਤੋਂ ਬਾਅਦ ਵਿਨੈ ਸਿੰਘ ਚੰਦੇਲ ਨੂੰ ਪੈਦਲ ਹੀ ਉਥੇ ਜਾਂਦੇ ਦੇਖਿਆ ਗਿਆ। ਜਦੋਂ ਵਿਨੈ ਨੇ ਐੱਸਆਈ ਦੀ ਟੀਮ ਨੂੰ ਆਪਣੇ ਵੱਲ ਆਉਂਦਾ ਦੇਖਿਆ ਤਾਂ ਉਸ ਨੇ ਪਿੱਛੇ ਮੁੜ ਕੇ ਭੱਜਣਾ ਚਾਹਿਆ। ਪੁਲਿਸ ਨੇ ਦੱਸਿਆ ਕਿ ਇਸ ਦੌਰਾਨ ਲੋੜੀਂਦਾ ਬਲ ਵਰਤ ਕੇ ਵਿਨੈ ਨੂੰ ਬਿਧਨੂੰ ਨਹਿਰ ਝੱਲ ਨੇੜਿਓਂ ਕਾਬੂ ਕਰ ਲਿਆ ਗਿਆ।

# ਝੁੱਗੀਆਂ ਝੌਂਪੜੀਆਂ ਵਿਚ ਟੀ ਬੀ ਸਰਵੇ ਜਾਰੀ



ਕਪੂਰਥਲਾ, (ਸੁਸ਼ੀਲ ਸ਼ਰਮਾ )ਟੀ ਬੀ ਮੁਕਤ ਭਾਰਤ ਅਭਿਆਨ ਤਹਿਤ ਚਲ ਰਹੀ 100 ਦਿਨਾਂ ਟੀ ਬੀ ਖ਼ਾਤਮਾ ਮੁਹਿੰਮ ਜਿਲ੍ਹੇ ਭਰ ਵਿਚ ਜਾਰੀ ਹੈ। ਇਸ ਸੰਬਧੀ ਜਾਣਕਾਰੀ ਦਿੰਦਿਆ ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਨੇ ਦਸਿਆ ਕਿ ਮੁਹਿੰਮ ਤਹਿਤ ਝੁੱਗੀਆਂ ਝੌਂਪੜੀਆਂ ਅਤੇ ਹੋਰ ਸਲੱਮ ਏਰੀਆ ਵਿਚ ਟੀ ਬੀ ਸਰਵੇ ਕੀਤਾ ਜਾ ਰਿਹਾ ਹੈ। ਇਸ ਦੌਰਾਨ ਟੀ ਬੀ ਦੇ ਸ਼ੱਕੀ ਮਰੀਜ਼ਾਂ ਦੀ ਪਛਾਣ ਕੀਤੀ ਜਾ ਰਹੀ ਹੈ ਤੇ ਸੈਂਪਲ ਵੀ ਲਏ ਜਾ ਰਹੇ ਹਨ। ਓਹਨਾਂ ਕਿਹਾ ਕਿ ਇਸ ਮੁਹਿੰਮ ਨੂੰ ਚਲਾਉਣ ਦਾ ਉਦੇਸ਼ ਇਸ ਬਿਮਾਰੀ ਨੂੰ ਜੜ੍ਹ ਤੋਂ ਮੁਕਾਉਣ ਹੈ ਤੇ ਨਾਲ ਹੀ ਇਸ ਤੋਂ ਬਚਾਅ ਲਈ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣਾ ਹੈ। ਓਹਨਾਂ ਇਹ ਵੀ ਕਿਹਾ ਕਿ ਪੂਰਾ ਸਿਹਤ ਵਿਭਾਗ ਇਸ ਮੁਹਿੰਮ ਨੂੰ ਸਫਲ ਕਰਨ ਲਈ ਤਨਦੇਹੀ ਨਾਲ ਕੰਮ ਕਰ ਰਿਹਾ ਹੈ। ਓਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਸਿਹਤ ਵਿਭਾਗ ਦੀਆਂ ਟੀਮਾਂ ਦਾ ਸਹਯੋਗ ਕੀਤਾ ਜਾਏ।

# ਮਮਤਾ ਦਿਵਸ ਮੌਕੇ ਟੀਕਾਕਰਨ ਸੇਵਾਵਾਂ ਦਿੱਤੀਆਂ: ਐਸ.ਐਮ.ਓ ਡਾ. ਗੁਰਤੇਜਿੰਦਰ ਕੌਰ




ਮਹਿਲ ਕਲਾਂ, (ਲੋਕ ਬਾਣੀ) ਸਿਵਲ ਸਰਜਨ ਬਰਨਾਲਾ ਡਾ. ਬਲਦੇਵ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਬਲਾਕ ਮਹਿਲ ਕਲਾਂ ਅਧੀਨ ਵੱਖ-ਵੱਖ ਸਿਹਤ ਕੇਂਦਰਾਂ 'ਤੇ ਮਮਤਾ ਦਿਵਸ ਮਨਾਇਆ ਗਿਆ।

ਇਸ ਮੌਕੇ ਡਾ. ਗੁਰਤੇਜਿੰਦਰ ਨੇ ਕਿਹਾ ਕਿ ਮਮਤਾ ਦਿਵਸ ਤੇ ਗਰਭਵਤੀ ਮਹਿਲਾਵਾਂ ਅਤੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈ ਤਾਂ ਜੋ ਜੱਚਾ ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਬੱਚਿਆਂ ਨੂੰ ਟੀਕਾਕਰਨ ਕਰਵਾ ਕੇ 10 ਮਾਰੂ ਰੋਗਾਂ ਤੋਂ ਬਚਾਇਆ ਜਾ ਸਕੇ। ਸਿਹਤ ਸੁਪਰਵਾਈਜ਼ਰ ਬਲਵਿੰਦਰ ਕੌਰ ਨੇ ਦੱਸਿਆ ਕਿ ਨਵ ਜਨਮੇਂ ਬੱਚੇ ਤੋਂ ਲੈ ਕੇ ਡੇਢ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ, ਗਲ਼-ਘੋਟੂ, ਕਾਲੀ ਖਾਂਸੀ, ਟੈਟਨਸ, ਦਿਮਾਗੀ ਬੁਖਾਰ, ਪੀਲ਼ੀਆ, ਖਸਰਾ, ਰੁਬੇਲਾ ਤੇ ਨਿਮੋਨੀਆ ਦੀ ਬਿਮਾਰੀ ਤੋਂ ਬਚਾਅ ਲਈ ਟੀਕੇ ਲਗਾਏ ਜਾਂਦੇ ਹਨ ਅਤੇ ਪੋਲੀਓ ਬੂੰਦਾਂ ਤੇ ਰੋਟਾਵਾਇਰਸ ਦੀ ਬਿਮਾਰੀ ਤੋਂ ਬਚਾਅ ਲਈ ਬੂੰਦਾਂ ਪਿਲਾਈਆਂ ਜਾਂਦੀਆਂ ਹਨ।

ਇਸ ਮੌਕੇ ਬੀ.ਈ.ਈ ਸ਼ਿਵਾਨੀ ਨੇ ਦੱਸਿਆ ਕਿ ਟੀਕਾਕਰਨ ਕਰਵਾਉਣ ਲਈ ਆਉਣ ਵਾਲੀ ਮਾਵਾਂ ਤੇ ਗਰਭਵਤੀ ਔਰਤਾਂ ਨੂੰ ਸਿਹਤ ਸੰਭਾਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਵਜਨਮੇ ਬੱਚੇ ਨੂੰ ਗੁੜਤੀ ਨਾ ਦਿੱਤੀ ਜਾਵੇ ਅਤੇ ਬੱਚੇ ਨੂੰ ਇਨਫੈਕਸ਼ਨ ਤੋਂ ਦੂਰ ਰੱਖਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਸਾਫ ਕਰਿਆ ਜਾਵੇ ਫਿਰ ਬੱਚੇ ਨੂੰ ਚੁੱਕਿਆ ਜਾਵੇ। ਇਸ ਦੇ ਨਾਲ ਹੀ ਗਰਭਵਤੀ ਔਰਤਾਂ ਨੂੰ ਲਗਾਤਾਰ ਸਮੇਂ ਸਮੇਂ ਤੇ ਆਪਣਾ ਚੈੱਕਅਪ ਨੇੜਲੇ ਸਿਹਤ ਕੇਂਦਰ ਵਿੱਚ ਕਰਵਾਉਣਾ ਚਾਹੀਦਾ ਹੈ ਤਾਂ ਜੋ ਬੱਚੇ ਦੇ ਜਨਮ ਸਮੇਂ ਕੋਈ ਮੁਸ਼ਕਲ ਪੇਸ਼ ਨਾ ਆਵੇ।

# ਸ਼੍ਰੋਮਣੀ ਅਕਾਲੀ ਦਲ (ਬ) ਨੇ ਫਗਵਾੜਾ ਕਾਰਪੋਰੇਸ਼ਨ ਚੋਣਾਂ ਲਈ ਉੱਮੀਦਵਾਰਾਂ ਦੀ ਪਹਿਲੀ ਲਿਸਟ ਕੀਤੀ ਜਾਰੀ



ਫਗਵਾੜਾ ( ਸੁਸ਼ੀਲ ਸ਼ਰਮਾ ) ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਫਗਵਾੜਾ ਕਾਰਪੋਰੇਸ਼ਨ ਚੋਣਾਂ ਲਈ ਉੱਮੀਦਵਾਰਾਂ ਦੇ ਨਾਵਾਂ ਦੀ ਪਹਿਲੀ ਸੂਚੀ ਅੱਜ ਜਾਰੀ ਕੀਤੀ ਗਈ। ਇਸ ਸਬੰਧੀ ਮੀਟਿੰਗ ਪਾਰਟੀ ਦੇ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਦੇ ਦਫਤਰ ਵਿਖੇ ਹੋਈ। ਜਿਸ ਵਿਚ ਕਾਰਪੋਰੇਸ਼ਨ ਚੋਣਾਂ ਲਈ ਪਾਰਟੀ ਹਾਈਕਮਾਂਡ ਵਲੋਂ ਥਾਪੇ ਗਏ ਫਗਵਾੜਾ ਇੰਚਾਰਜ ਬਲਦੇਵ ਸਿੰਘ ਖਹਿਰਾ ਸਾਬਕਾ ਐਨ ਐਲ ਏ , ਜਰਨੈਲ ਸਿੰਘ ਵਾਹਦ ਅਤੇ ਦਿਹਾਤੀ ਇੰਚਾਰਜ ਰਜਿੰਦਰ ਸਿੰਘ ਚੰਦੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਇਸ ਮੋਕੇ ਬਲਦੇਵ ਸਿੰਘ ਖਹਿਰਾ ਅਤੇ ਰਣਜੀਤ ਸਿੰਘ ਖੁਰਾਣਾ ਵਲੋਂ ਜਾਰੀ ਕੁੱਲ 9 ਵਾਰਡਾਂ ਦੀ ਪਹਿਲੀ ਸੂਚੀ ਮੁਤਾਬਕ ਵਾਰਡ ਨੰਬਰ 1 ਤੋਂ ਸਰਬਜੀਤ ਪਤਨੀ ਸੰਜੀਵ ਕੁਮਾਰ, ਵਾਰਡ ਨੰਬਰ 2 ਤੋਂ ਸੁਖਦੀਪ ਸਿੰਘ ਵਾਲੀਆ ਪੁੱਤਰ ਸੁਖਦੇਵ ਸਿੰਘ ਵਾਲੀਆ, ਵਾਰਡ ਨੰਬਰ 9 ਤੋਂ ਕਮਲਜੀਤ ਕੌਰ ਪਤਨੀ ਕੁਲਵਿੰਦਰ ਸਿੰਘ ਕਿੰਦਾ, ਵਾਰਡ ਨੰਬਰ 10 ਤੋਂ ਅਵਤਾਰ ਸਿੰਘ ਮੰਗੀ ਪੁੱਤਰ ਦੀਦਾਰ ਸਿੰਘ, ਵਾਰਡ ਨੰਬਰ 37 ਤੋਂ ਜਸਵਿੰਦਰ ਕੌਰ ਪਤਨੀ ਬਲਜਿੰਦਰ ਸਿੰਘ ਠੇਕੇਦਾਰ, ਵਾਰਡ ਨੰਬਰ 39 ਤੋਂ ਸਰਬਜੀਤ ਕੌਰ ਪਤਨੀ ਜਸਵਿੰਦਰ ਸਿੰਘ ਭਗਤਪੁਰਾ, ਵਾਰਡ ਨੰਬਰ 40 ਤੋਂ ਪ੍ਰਿਤਪਾਲ ਸਿੰਘ ਮੰਗਾ ਪੁੱਤਰ ਕੁਲਵੰਤ ਸਿੰਘ, ਵਾਰਡ ਨੰਬਰ 42 ਤੋਂ ਕੁਲਵਿੰਦਰ ਕੌਰ ਪਤਨੀ ਚਰਨਜੀਤ ਸਿੰਘ ਚੰਨੀ ਅਤੇ ਵਾਰਡ ਨੰਬਰ 50 ਤੋਂ ਗਿਆਨ ਸਿੰਘ ਚਾਨਾ ਪੁੱਤਰ ਦਰਸ਼ਨ ਸਿੰਘ ਨੂੰ ਉੱਮੀਦਵਾਰ ਐਲਾਨਿਆ ਗਿਆ ਹੈ। ਬਲਦੇਵ ਸਿੰਘ ਖਹਿਰਾ ਨੇ ਕਿਹਾ ਕਿ ਸ਼ਾਮ ਤੱਕ ਚੋਣ ਲੜਨ ਵਾਲੇ ਬਾਕੀ ਉੱਮੀਦਵਾਰਾਂ ਦੇ ਨਾਮ ਜਨਤੱਕ ਕਰ ਦਿੱਤੇ ਜਾਣਗੇ। ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ ਨੇ ਐਲਾਨੇ ਗਏ ਉੱਮੀਦਵਾਰਾਂ ਨੂੰ ਜੰਗੀ ਪੱਧਰ ਤੇ ਚੋਣ ਪ੍ਰਚਾਰ ਸ਼ੁਰੂ ਕਰਨ ਦੀ ਹਦਾਇਤ ਕੀਤੀ ਅਤੇ ਦਾਅਵੇ ਨਾਲ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬ) ਫਗਵਾੜਾ 'ਚ ਪਹਿਲੀ ਵਾਰ ਆਪਣੇ ਦਮ ਤੇ 'ਤੱਕੜੀ' ਚੋਣ ਨਿਸ਼ਾਨ ਦੀ ਤਾਕਤ ਨਾਲ ਕਾਰਪੋਰੇਸ਼ਨ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰੇਗਾ। ਇਸ ਮੌਕੇ ਵਾਹਦ ਅਤੇ ਚੰਦੀ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਵੱਲੋਂ ਫਗਵਾੜਾ ਵਿੱਚ ਕੀਤੇ ਵਿਕਾਸ ਨੂੰ ਦੇਖਦੇ ਹੋਏ ਲੋਕ ਸ੍ਰੋਮਣੀ ਅਕਾਲੀ ਦਲ ਦਾ ਸਾਥ ਦੇਣਗੇ ਇਸ ਮੋਕੇ ਬਲਜਿੰਦਰ ਸਿੰਘ ਠੇਕੇਦਾਰ, ਹਰਵਿੰਦਰ ਸਿੰਘ ਵਾਲੀਆ, ਸ਼ਰਨਜੀਤ ਸਿੰਘ ਅਟਵਾਲ, ਬਲਜੀਤ ਸਿੰਘ ਵਾਲੀਆ, ਸਤਵਿੰਦਰ ਸਿੰਘ ਘੁਮੱਣ, ਕੁਲਵਿੰਦਰ ਸਿੰਘ ਕਿੰਦਾ, ਗਿਆਨ ਸਿੰਘ ਚਾਨਾ, ਪ੍ਰਿਤਪਾਲ ਸਿੰਘ ਮੰਗਾ, ਸੁਰੇਸ ਕੁਮਾਰ, ਭੁਪਿੰਦਰ ਸਿੰਘ ਭਿੰਦਾ, ਰਣਜੀਤ ਸਿੰਘ ਜੀਤੀ, ਸਰੂਪ ਸਿੰਘ ਖਲਵਾੜਾ, ਗੁਰਮੁੱਖ ਸਿੰਘ ਚਾਨਾ, ਜਸਵਿੰਦਰ ਸਿੰਘ ਭਗਤਪੁਰਾ, ਹਰਜੋਤ ਸਿੰਘ ਪਾਹਵਾ, ਅਵਤਾਰ ਸਿੰਘ ਮੰਗੀ,, ਝਿਲਮਿਲ ਸਿੰਘ ਭਿੰਡਰ, ਗੁਰਦੀਪ ਸਿੰਘ ਖੇੜਾ, ਬਹਾਦਰ ਸਿੰਘ ਸੰਗਤਪੁਰ, ਸੁਖਬੀਰ ਸਿੰਘ, ਪਰਮਿੰਦਰ ਸਿੰਘ ਜੰਡੂ, ਮੋਹਨ ਸਿੰਘ ਵਾਹਦ, ਸੁਖਦੀਪ ਸਿੰਘ ਵਾਲੀਆ, ਸੁਖਵੰਤ ਸਿੰਘ, ਤਜਿੰਦਰ ਸਿੰਘ ਵਿੱਕੀ, ਸਰਬਜੀਤ ਸਿੰਘ ਕਾਕਾ, ਦਵਿੰਦਰ ਸਿੰਘ, ਆਦਿ ਹਾਜਰ ਸਨ।

# ਜਮਾਂਦਰੂ ਦਿਲ ਦੇ ਨੁਕਸ ਤੋਂ ਪੀੜਤ ਔਰਤ ਨੂੰ ਮਿਲੀ ਨਵੀਂ ਜ਼ਿੰਦਗੀ



ਅੰਮ੍ਰਿਤਸਰ: (ਲੋਕ ਬਾਣੀ) ਜੋ ਕਿ ਜਮਾਂਦਰੂ ਦਿਲ ਦੇ ਨੁਕਸ ਤੋਂ ਪੀੜਤ ਜੰਮੂ ਦੀ ਇੱਕ ਔਰਤ ਨੂੰ ਹਾਲ ਹੀ ਵਿੱਚ ਲਿਵਾਸਾ ਹਸਪਤਾਲ, ਅੰਮ੍ਰਿਤਸਰ ਵਿੱਚ ਇੱਕ ਦੁਰਲੱਭ ਗੁੰਝਲਦਾਰ ਦਿਲ ਦੀ ਸਰਜਰੀ ਤੋਂ ਬਾਅਦ ਨਵੀਂ ਜ਼ਿੰਦਗੀ ਮਿਲੀ ਹੈ।

ਔਰਤ, ਜੋ ਕਿ ਦੋ ਬੱਚਿਆਂ ਦੀ ਮਾਂ ਹੈ, ਦੇ ਦਿਲ ਵਿੱਚ ਜਮਾਂਦਰੂ ਨੁਕਸ ਸੀ। ਵਾਲਵ ਅਤੇ ਐਰੋਟਾ ਜਨਮ ਤੋਂ ਹੀ ਛੋਟੇ ਆਕਾਰ ਦੇ ਸਨ। 2011 ਵਿੱਚ, ਜਦੋਂ ਉਹ 18 ਸਾਲ ਦੀ ਸੀ, ਡਾ ਪੰਕਜ ਗੋਇਲ, ਸੀਨੀਅਰ ਡਾਇਰੈਕਟਰ, ਕਾਰਡੀਅਕ ਸਰਜਰੀ, ਨੇ ਉਸਦਾ ਆਪਰੇਸ਼ਨ ਅਤੇ ਜਟਿਲ ਵਾਲਵ ਸਰਜਰੀ ਕੀਤੀ। ਬਦਲਿਆਵਾਲਵ ਸੂਰ ਦੇ ਟਿਸ਼ੂ ਦਾ ਬਣਿਆ ਹੋਇਆ ਸੀ। ਇਸ ਦੇ ਲਈ ਉਸ ਨੂੰ ਖੂਨ ਪਤਲਾ ਕਰਨ ਵਾਲੀ ਕਿਸੇ ਦਵਾਈ ਦੀ ਲੋੜ ਨਹੀਂ ਸੀ, ਹਾਲਾਂਕਿ, ਇਸ ਵਾਲਵ ਦੀ ਉਮਰ 10-12 ਸਾਲ ਸੀ।


ਹਾਲ ਹੀ ਚ ਔਰਤ ਨੇ ਸਾਹ ਲੈਣ ਚ ਤਕਲੀਫ ਵਧਣ ਦੀ ਸ਼ਿਕਾਇਤ ਕੀਤੀ ਸੀ। ਕੈਲਸ਼ੀਅਮ ਜਮ੍ਹਾਂ ਹੋਣ ਕਾਰਨ ਵਾਲਵ ਦੁਬਾਰਾ ਤੰਗ ਹੋ ਗਿਆ ਸੀ ਅਤੇ ਸਖ਼ਤ ਹੋ ਗਿਆ ਸੀ। ਇੱਕ ਬਹੁਤ ਹੀ ਦੁਰਲੱਭ ਅਤੇ ਗੁੰਝਲਦਾਰ ਪ੍ਰਕਿਰਿਆ, ਐਪੀਕੋ-ਏਓਰਟਿਕ ਕੰਡਿਊਟ ਕੀਤੀ ਗਈ ਸੀ। ਡਾ ਪੰਕਜ ਗੋਇਲ ਨੇ ਦੱਸਿਆ ਕਿ ਐਪੀਕੋ ਐਓਰਟਿਕ ਕੰਡਿਊਟ ਸਰਜਰੀ ਦਾ ਇਹ ਪਹਿਲਾ ਕੇਸ ਹੈ, ਜੋ ਕਿ ਅੰਮ੍ਰਿਤਸਰ ਖੇਤਰ ਦੇ ਕਿਸੇ ਹਸਪਤਾਲ ਵੱਲੋਂ ਪਹਿਲੀ ਵਾਰ ਕੀਤਾ ਗਿਆ ਹੈ। ਸਰਜਰੀ ਤੋਂ ਬਾਅਦ ਔਰਤ ਦੀ ਸਿਹਤ ਚ ਕਾਫੀ ਸੁਧਾਰ ਹੋਇਆ ਹੈ।

# ਵਾਤਾਵਰਣ ਮੇਲੇ ਦੌਰਾਨ ਲਾਇਨ ਕਲੱਬ ਫਗਵਾੜਾ ਵਿਸ਼ਵਾਸ ਨੇ ਕਰਵਾਏ ਲੋਕਗੀਤ ਮੁਕਾਬਲੇ



ਫਗਵਾੜਾ (ਸੁਸ਼ੀਲ ਸ਼ਰਮਾ ) ਲਾਇਨਜ ਕਲੱਬ ਫਗਵਾੜਾ ਵਿਸ਼ਵਾਸ ਨੇ ਇੰਨਵਾਇਰਨਮੈਂਟ ਐਸੋਸੀਏਸ਼ਨ ਅਤੇ ਨਗਰ ਨਿਗਮ ਫਗਵਾੜਾ ਵਲੋਂ ਸਾਂਝੇ ਤੌਰ ਤੇ ਡਾ. ਅੰਬੇਡਕਰ ਆਡੀਟੋਰੀਅਮ ਰੈਸਟ ਹਾਉਸ ਫਗਵਾੜਾ ਵਿਖੇ ਕਰਵਾਏ ਗਏ ਦੋ ਰੋਜਾ ਵਾਤਾਵਰਣ ਮੇਲੇ ਦੌਰਾਨ ਹਰ ਸਾਲ ਦੀ ਤਰ੍ਹਾਂ ਲਾਇਨ ਬਲਵਿੰਦਰ ਸਿੰਘ ਅਤੇ ਲਾਇਨ ਸੁਸ਼ੀਲ ਸ਼ਰਮਾ ਦੀ ਅਗਵਾਈ ਹੇਠ ਅੰਤਰ ਸਕੂਲ ਲੋਕਗੀਤ ਮੁਕਾਬਲਾ ਕਰਵਾਇਆ। ਜਿਸ ਵਿਚ 12 ਸਕੂਲਾਂ ਦੇ ਕਰੀਬ 25 ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਜੱਜਾਂ ਦੀ ਭੂਮਿਕਾ ਗਾਇਕ ਦੇਵੀ ਦਾਸ, ਕਮਲ ਕਟਾਣੀਆ ਅਤੇ ਦਿਲਰਾਜ ਵਲੋਂ ਨਿਭਾਈ ਗਈ। ਵਿਦਿਆਰਥੀਆਂ ਦੀ ਪ੍ਰਤਿਭਾ ਨੇ ਜੱਜਾਂ ਨੂੰ ਵੀ ਸ਼ਸ਼ੋਪੰਜ ਵਿਚ ਪਾਈ ਰੱਖਿਆ ਕਿ ਆਖਿਰ ਕਿਸ ਨੂੰ ਜੇਤੂ ਐਲਾਨਿਆ ਜਾਵੇ। ਹਾਜਰੀਨ ਸਰੋਤਿਆਂ ਨੇ ਵੀ ਇਸ ਸ਼ਾਨਦਾਰ ਮੁਕਾਬਲੇ ਦਾ ਪੂਰਾ ਆਨੰਦ ਮਾਣਿਆ। ਅਖੀਰ ਜੱਜਾਂ ਨੇ ਮਾਂ ਅੰਬੇ ਸੀਨੀਅਰ ਸੈਕੇਂਡਰੀ ਗਰਲਜ ਸਕੂਲ ਭਾਣੋਕੀ ਨੂੰ ਜੇਤੂ ਕਰਾਰ ਦਿੱਤਾ। ਜੇਤੂ ਟੀਮ ਨੂੰ ਸਵ. ਜਸਵੀਰ ਸਿੰਘ ਰਘਬੋਤਰਾ ਟਰਾਫੀ ਨਾਲ ਨਵਾਜਿਆ ਗਿਆ। 'ਸੁਰ ਪੰਜਾਬ ਦੇ' ਦਾ ਖਿਤਾਬ ਕਮਲਾ ਨਹਿਰੂ ਪਬਲਿਕ ਸਕੂਲ ਚੱਕ ਹਕੀਮ ਦੀ ਸੁਹਾਨੀ ਖਾਨ ਨੂੰ ਦਿੱਤਾ ਗਿਆ। ਜਦਕਿ ਹਨੂਮਤ ਪਬਲਿਕ ਸਕੂਲ ਗੁਰਾਇਆ ਦੀ ਜਸਮੀਤ ਕੌਰ ਨੂੰ 'ਬੁਲੰਦ ਆਵਾਜ' ਦੇ ਖਿਤਾਬ ਨਾਲ ਨਵਾਜਿਆ ਗਿਆ। ਇਸੇ ਤਰ੍ਹਾਂ ਕਮਲਾ ਨਹਿਰੂ ਪਬਲਿਕ ਸਕੂਲ ਮਾਡਲ ਟਾਊਨ ਫਗਵਾੜਾ ਦੇ ਇੰਦਰਜੀਤ ਸਿੰਘ ਨੂੰ 'ਨਿਵੇਕਲਾ ਹੀਰਾ', ਸਵਾਮੀ ਸੰਤ ਦਾਸ ਪਬਲਿਕ ਸਕੂਲ ਦੇ ਤੇਜਵੀਰ ਸਿੰਘ ਨੂੰ 'ਲੋਕਗੀਤਾਂ ਦਾ ਬਾਦਸ਼ਾਹ', ਇਸੇ ਸਕੂਲ ਦੀ ਵਿਦਿਆਰਥਣ ਮਨਜੋਤ ਕੌਰ ਨੂੰ ਸਵ. ਸੁਰਜੀਤ ਬਿੰਦਰਖੀਆ ਯਾਦਗਾਰੀ 'ਲੋਕਗੀਤਾਂ ਦੀ ਰਾਣੀ' ਦਾ ਖਿਤਾਬ ਦਿੱਤਾ ਗਿਆ। ਲਾਇਨ ਬਲਵਿੰਦਰ ਸਿੰਘ ਅਤੇ ਲਾਇਨ ਸੁਸ਼ੀਲ ਸ਼ਰਮਾ ਨੇ ਸਮੂਹ ਜੇਤੂਆਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਲੋਕਗੀਤ ਮੁਕਾਬਲੇ ਕਰਵਾਉਣ ਦਾ ਮਕਸਦ ਨੌਜਵਾਨ ਪੀੜ੍ਹੀ ਨੂੰ ਅਮੀਰ ਪੰਜਾਬੀ ਵਿਰਸੇ ਨਾਲ ਜੋੜਨਾ ਹੈ। ਜਿਸਦੀ ਝਲਕ ਪੰਜਾਬ ਦੇ ਲੋਕਗੀਤਾਂ ਵਿਚ ਆਮ ਹੀ ਨਜ਼ਰ ਆਉਂਦੀ ਹੈ। ਇਸ ਮੌਕੇ ਲਾਇਨ ਅਸ਼ਵਨੀ ਸ਼ਰਮਾ, ਲਾਇਨ ਚਮਨ ਲਾਲ, ਲਾਇਨ ਪ੍ਰਦੀਪ ਸਿੰਘ, ਲਾਇਨ ਰਵੀ ਮੰਗਲ, ਲਾਇਨ ਸੁਖਜੀਤ ਸਮਰਾ, ਲਾਇਨ ਇੰਦਰਜੀਤ ਸਿੰਘ ਆਦਿ ਵੀ ਹਾਜਰ ਸਨ।

## ਜਨਮ ਦਿਨ ਮੁਬਾਰਕ



ਜਨਮ ਦਿਨ ਮੁਬਾਰਕ (12/12 /24)
ਨਾਮ - ਜਸਪ੍ਰੀਤ ਕੌਰ
ਮਾਤਾ - ਅਲਕਾ
ਪਿਤਾ - ਸ਼ੁਭਾਸ਼ ਕੁਮਾਰ
ਪਤਾ - ਪਿੰਡ ਤੇ ਡਾਕ. ਢੱਕ ਪੰਡੋਰੀ ਤਹਿ ਫਗਵਾੜਾ (ਕਪੂਰਥਲਾ)
ਮੋਬਾਇਲ - 9876974250

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਮਨਸਾ ਦੇਵੀ ਮੰਦਿਰ ਸਤਨਾਮਪੁਰਾ ਵਿਖੇ ਅਗਾਊਂ ਮਹੀਨੇ ਦੇ ਸ਼ੁਕਲ ਪੱਖ ਦੀ ਦਸ਼ਮੀ ਨੂੰ ਸਮਰਪਿਤ ਇਸਤਰੀ ਸੰਕੀਰਤਨ ਦਾ ਆਯੋਜਨ ਕੀਤਾ ਗਿਆ

ਫਗਵਾੜਾ (ਸੁਸ਼ੀਲ ਸ਼ਰਮਾ) ਮਨਸਾ ਦੇਵੀ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਮੰਗਲਵਾਰ ਨੂੰ ਪ੍ਰਾਚੀਨ ਸਿੱਧ ਪੀਠ ਮਨਸਾ ਦੇਵੀ ਮੰਦਿਰ ਹਦੀਆਬਾਦ ਫਗਵਾੜਾ ਵਿਖੇ ਅਗਾਣ ਮਹੀਨੇ ਦੇ ਸ਼ੁਕਲ ਪੱਖ ਦੀ ਦਸ਼ਮੀ ਮੌਕੇ ਸੰਕੀਰਤਨ ਕੀਤਾ ਗਿਆ। ਜਿਸ ਵਿੱਚ ਮਹਿਲਾ ਸਮੂਹ ਨੇ ਮਾਂ ਭਗਵਤੀ ਦੀ ਮਹਿਮਾ ਦਾ ਗੁਣਗਾਨ ਕੀਤਾ। ਸ਼ਰਧਾਲੂਆਂ ਨੇ ਵੀ ਪੂਰੀ ਸ਼ਰਧਾ ਨਾਲ ਭਗਵਤੀ ਦੀ ਪੂਜਾ ਕੀਤੀ। ਉਪਰੰਤ ਮਹਾਂ ਆਰਤੀ ਕਰਵਾਈ ਗਈ। ਮੰਦਰ ਦੇ ਪੁਜਾਰੀ ਰਾਮਚਰਨ ਪੋਖਰਿਆਲ ਨੇ ਸੰਗਤਾਂ ਨੂੰ ਦੱਸਿਆ ਕਿ ਹਿੰਦੂ ਕੈਲੰਡਰ ਅਨੁਸਾਰ ਇੱਕ ਦਿਨ ਸੂਰਜ ਚੜ੍ਹਨ ਤੋਂ ਅਗਲੇ ਦਿਨ ਸੂਰਜ ਚੜ੍ਹਨ ਤੱਕ ਮੰਨਿਆ ਜਾਂਦਾ ਹੈ। ਹਿੰਦੂ ਕੈਲੰਡਰ ਅਨੁਸਾਰ ਸ਼ੁਕਲ ਪੱਖ ਦੇ 15 ਦਿਨ ਅਤੇ ਕ੍ਰਿਸ਼ਨ ਪੱਖ ਦੇ 15 ਦਿਨ ਹੁੰਦੇ ਹਨ। ਸ਼ੁਕਲ ਪੱਖ ਦੇ ਆਖਰੀ ਦਿਨ ਨੂੰ ਪੂਰਨਿਮਾ ਅਤੇ ਕ੍ਰਿਸ਼ਨ ਪੱਖ ਦੇ ਆਖਰੀ ਦਿਨ ਨੂੰ ਅਮਾਵਸਿਆ ਕਿਹਾ ਜਾਂਦਾ ਹੈ। ਪ੍ਰਤੀਪਦਾ ਤੋਂ ਪੂਰਨਿਮਾ ਤੱਕ ਸ਼ੁਕਲ ਪੱਖ ਦੀਆਂ 15 ਤਾਰੀਖਾਂ ਹਨ, ਇਸੇ ਤਰ੍ਹਾਂ ਅਗਲੇ 15 ਦਿਨ ਕ੍ਰਿਸ਼ਨ ਪੱਖ ਦੀਆਂ ਹਨ। ਹਿੰਦੂ ਧਰਮ ਵਿੱਚ ਹਰੇਕ ਦੇਵਤੇ ਲਈ ਇੱਕ ਖਾਸ ਦਿਨ ਅਤੇ ਤਾਰੀਖ ਹੁੰਦੀ ਹੈ। ਧਾਰਮਿਕ ਮਾਨਤਾ ਅਨੁਸਾਰ ਹਰ ਤਰੀਕ ਦੇ ਦੇਵਤੇ ਵੱਖ-ਵੱਖ ਹੁੰਦੇ ਹਨ ਅਤੇ ਉਸ ਤਰੀਕ ਤੇ ਉਨ੍ਹਾਂ ਦੀ ਪੂਜਾ ਕਰਨ ਨਾਲ ਵਿਸ਼ੇਸ਼ ਫਲ ਮਿਲਦਾ ਹੈ। ਦਸ਼ਮੀ ਤਿਥੀ ਦਾ ਦੇਵਤਾ ਯਮਰਾਜ ਹੈ। ਯਮ ਦੀ ਪੂਜਾ ਕਰਨ ਨਾਲ ਨਰਕ ਅਤੇ ਮੌਤ ਦਾ ਡਰ ਨਹੀਂ ਰਹਿੰਦਾ। ਇਹ ਇੱਕ ਸ਼ੁਭ ਤਾਰੀਖ ਹੈ। ਇਸ ਕਾਰਨ ਜੋ ਲੋਕ ਆਪਣੇ ਕੰਮ ਵਿੱਚ ਸ਼ੁਭ ਦੀ ਇੱਛਾ ਰੱਖਦੇ ਹਨ, ਉਹ ਇਸ ਤਰੀਕ ਨੂੰ ਆਪਣਾ ਇੱਛਤ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਸ਼ੁਭ ਫਲ ਮਿਲਦਾ ਹੈ। ਇਸ ਤਰੀਕ ਨੂੰ ਨਵੀਂ ਪੁਸਤਕ ਜਾਂ ਗ੍ਰੰਥ ਰਿਲੀਜ਼ ਕਰਨਾ ਸ਼ੁਭ ਹੈ, ਕਿਸੇ ਵੀ ਤਰ੍ਹਾਂ ਦੇ ਅਹੁਦੇ ਦੀ ਪ੍ਰਾਪਤੀ ਲਈ ਇਸ ਸਮੇਂ ਸਹੁੰ ਚੁੱਕ ਪ੍ਰੋਗਰਾਮ ਦਾ ਆਯੋਜਨ ਕਰਨਾ ਸਭ ਤੋਂ ਵਧੀਆ ਹੈ। ਇਸ ਦੌਰਾਨ ਸ਼੍ਰੀ ਸਵਾਮੀ ਸ਼ੰਕਰ ਨਾਥ ਪਾਰਵਤਮਾਥ ਚੈਰੀਟੇਬਲ ਐਂਡ ਵੈਲਫੇਅਰ ਟਰੱਸਟ ਨਕੋਦਰ ਰੋਡ ਹਦੀਆਬਾਦ ਫਗਵਾੜਾ ਦੇ ਟਰੱਸਟੀ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿੱਚ ਮੰਦਿਰ ਵਿੱਚ ਮੌਜੂਦ ਸ਼ਰਧਾਲੂਆਂ ਅਤੇ ਸ਼ਰਧਾਲੂਆਂ ਨੂੰ ਛੋਲੇ ਕੁਲਚਾ ਅਤੇ ਹਲਵਾ ਪ੍ਰਸ਼ਾਦ ਵੰਡਿਆ ਗਿਆ, ਜਿਸ ਵਿੱਚ ਮੁੱਖ ਤੌਰ ਤੇ ਸੇਵਾਦਾਰ ਸ. ਪਵਨ ਕਸ਼ਯਪ, ਲਲਿਤ ਤਿਵਾੜੀ, ਰਣਬੀਰ ਦੁੱਗਲ, ਅਸ਼ੋਕ ਚੱਢਾ, ਅੰਕਿਤ ਝਾਅ, ਵਤਸਲ ਤਿਵਾੜੀ, ਕਨਵ ਹਾਜ਼ਰ ਸਨ। ਤਿਵਾੜੀ, ਪ੍ਰਕਾਸ਼ ਯਾਦਵ, ਬ੍ਰਿਜ ਭੂਸ਼ਣ ਜਲੋਟਾ ਅਤੇ ਰੇਣੂ ਅਰੋੜਾ, ਮਹਿਲਾ ਸੰਕੀਰਤਨ ਮੰਡਲੀ ਦੀ ਤਰਫੋਂ ਸੁਮਨ ਸੇਠ ਕੁਲਵੰਤ ਕੌਰ, ਰਮਾ ਸ਼ਰਮਾ, ਨੀਲਮ, ਪ੍ਰਵੀਨ ਸ਼ਰਮਾ, ਬਲਵਿੰਦਰ ਕੌਰ, ਮਾਧੁਰੀ ਸ਼ਰਮਾ ਆਦਿ ਹਾਜ਼ਰ ਸਨ।





# ਨਿਸਾਨ ਨੇ ਸੀਨੀਅਰ ਪ੍ਰਬੰਧਨ ਨਿਯੁਕਤੀਆਂ ਦਾ ਐਲਾਨ ਕੀਤਾ

ਚੰਡੀਗੜ੍ਹ: (ਲੋਕ ਬਾਣੀ) ਨਿਸਾਨ ਮੋਟਰ ਕੰਪਨੀ ਲਿਮਟਿਡ ਨੇ ਨਵੀਂ ਲੀਡਰਸ਼ਿਪ ਟੀਮ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਸੀਨੀਅਰ ਪ੍ਰਬੰਧਨ ਪੱਧਰ ਤੇ ਕੀਤੀਆਂ ਗਈਆਂ ਨਵੀਆਂ ਨਿਯੁਕਤੀਆਂ 1 ਜਨਵਰੀ ਤੋਂ ਲਾਗੂ ਹੋਣਗੀਆਂ। ਨਿਸਾਨ ਆਪਣੀ ਕੁਸ਼ਲਤਾ ਅਤੇ ਲਚਕੀਲੇਪਨ ਨੂੰ ਵਧਾਉਣ ਲਈ ਕੰਮ ਕਰ ਰਿਹਾ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਕੰਪਨੀ ਨੇ ਹਾਲ ਹੀ ਵਿੱਚ ਟਰਨਅਰਾਊਂਡ ਐਕਸ਼ਨ ਦਾ ਐਲਾਨ ਕੀਤਾ ਸੀ। ਇਨ੍ਹਾਂ ਤਬਦੀਲੀਆਂ ਦੇ ਤਹਿਤ, ਕੰਪਨੀ ਦੇ ਸਮੁੱਚੇ ਸੰਚਾਲਨ ਦੇ ਪੁਨਰਗਠਨ ਲਈ ਅਜਿਹੇ ਕਦਮ ਚੁੱਕੇ ਜਾਣੇ ਹਨ।

ਇਸ ਦਿਸ਼ਾ ਵਿੱਚ, 1 ਦਸੰਬਰ ਤੋਂ ਪ੍ਰਭਾਵੀ ਚੀਫ ਪਰਫਾਰਮੈਂਸ ਅਫਸਰ (ਸੀਪੀਓ) ਦੀ ਨਿਯੁਕਤੀ ਅਤੇ ਇਸ ਤੋਂ ਬਾਅਦ ਦੀਆਂ ਨਿਯੁਕਤੀਆਂ ਦਾ ਉਦੇਸ਼ ਪ੍ਰਬੰਧਨ ਦਾ ਪੁਨਰਗਠਨ ਕਰਨਾ ਹੈ, ਤਾਂ ਜੋ ਮੌਜੂਦਾ ਮੁੱਦਿਆਂ ਤੇ ਤੁਰੰਤ ਕਦਮ ਚੁੱਕੇ ਜਾ ਸਕਣ।

ਨਿਸਾਨ ਅਪ੍ਰੈਲ 2025 ਚ ਆਪਣੇ ਪ੍ਰਬੰਧਨ ਚ ਕੁਝ ਹੋਰ ਬਦਲਾਅ ਕਰੇਗੀ। ਇਹ ਇੱਕ ਸਪਸ਼ਟ ਢਾਂਚਾ ਬਣਾਏਗਾ ਜੋ ਵਪਾਰਕ ਮਾਹੌਲ ਵਿੱਚ ਤਬਦੀਲੀਆਂ ਲਈ ਲਚਕਦਾਰ ਅਤੇ ਤੁਰੰਤ ਜਵਾਬ ਦੇਣਾ ਸੰਭਵ ਬਣਾਵੇਗਾ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਨੇ ਪਾਣੀ ਬਚਾਓ, ਪ੍ਰਦੂਸ਼ਣ ਅਤੇ ਹਵਾ ਅਤੇ ਪਰਾਲੀ ਨਾ ਸਾੜਨ ਬਾਰੇ ਲੇਖ, ਭਾਸ਼ਣ ਅਤੇ ਪੇਂਟਿੰਗ ਮੁਕਾਬਲੇ ਕਰਵਾਏ।*



ਭੱਟੀਆਂ (ਲੋਕ ਬਾਣੀ) 11 ਦਸੰਬਰ 2024 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਵਿਖੇ ਪਾਣੀ, ਪ੍ਰਦੂਸ਼ਣ ਅਤੇ ਹਵਾ ਬਚਾਓ ਅਤੇ ਪਰਾਲੀ ਨਾ ਸਾੜਨ ਦੇ ਵਿਸ਼ੇ 'ਤੇ ਲੇਖ, ਭਾਸ਼ਣ ਅਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲਾ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਕੁਲਦੀਪ ਸਿੰਘ, ਖੇਤੀਬਾੜੀ ਵਿਸਥਾਰ ਅਫਸਰ, ਗੁਰਦਾਸਪੁਰ ਨੇ ਜੇਤੂਆਂ ਨੂੰ ਇਨਾਮ ਵੰਡੇ ਅਤੇ ਉਨ੍ਹਾਂ ਦੀ ਪ੍ਰਤਿਭਾ ਦੀ ਸ਼ਲਾਘਾ ਕੀਤੀ।

ਜ਼ਿਲਾ ਖੇਤੀਬਾੜੀ ਵਿਸਥਾਰ ਅਫਸਰ ਕੁਲਦੀਪ ਸਿੰਘ ਨੇ ਕਿਹਾ, ਸਾਡਾ ਉਦੇਸ਼ ਨਾ ਸਿਰਫ਼ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਹੈ, ਸਗੋਂ ਉਨ੍ਹਾਂ ਨੂੰ ਵਾਤਾਵਰਨ ਦੇ ਮੁੱਦਿਆਂ, ਖਾਸ ਕਰਕੇ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕਰਨਾ ਹੈ, ਜੋ ਕਿ ਸਾਡੇ ਕਿਸਾਨਾਂ ਅਤੇ ਵਾਤਾਵਰਨ ਲਈ ਇੱਕ ਵੱਡੀ ਚਿੰਤਾ ਹੈ।

ਉਨ੍ਹਾਂ ਅੱਗੇ ਕਿਹਾ, ਪਰਾਲੀ ਸਾੜਨਾ ਇੱਕ ਗੰਭੀਰ ਮੁੱਦਾ ਹੈ ਜੋ ਨਾ ਸਿਰਫ਼ ਵਾਤਾਵਰਨ ਨੂੰ, ਸਗੋਂ ਆਲੇ-ਦੁਆਲੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਿਹਤ ਨੂੰ ਵੀ ਪ੍ਰਭਾਵਿਤ ਕਰਦਾ ਹੈ। ਅਸੀਂ ਸਾਰੇ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਅਤੇ ਇਸ ਦੀ ਬਜਾਏ ਖਾਦ ਬਣਾਉਣ ਜਾਂ ਇਸਦੀ ਵਰਤੋਂ ਕਰਨ ਵਰਗੇ ਵਿਕਲਪਿਕ ਤਰੀਕੇ ਅਪਣਾਉਣ। ਬਾਇਓਫਿਊਲ ਵਜੋਂ।

ਪ੍ਰਿੰਸੀਪਲ ਸੰਦੀਪ ਸਿੰਘ ਜੀ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, ਤੁਹਾਨੂੰ ਸਾਰਿਆਂ ਨੂੰ ਆਪਣੇ ਆਲੇ-ਦੁਆਲੇ ਦੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਵਾਤਾਵਰਣ ਦੀ ਰੱਖਿਆ ਕਰਨੀ ਚਾਹੀਦੀ ਹੈ। ਭਵਿੱਖ ਦੇ ਨਾਗਰਿਕ ਹੋਣ ਦੇ ਨਾਤੇ, ਪਰਾਲੀ ਸਾੜਨ ਵਰਗੀਆਂ ਵਾਤਾਵਰਣ ਦੀਆਂ ਸਮੱਸਿਆਵਾਂ ਦੇ ਨਵੀਨਤਮ ਹੱਲ ਲੱਭਣਾ ਤੁਹਾਡੀ ਜ਼ਿੰਮੇਵਾਰੀ ਹੈ।

ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਨੂੰ ਪਾਣੀ ਦੀ ਬੱਚਤ, ਪ੍ਰਦੂਸ਼ਣ ਨੂੰ ਕੰਟਰੋਲ ਕਰਨ ਅਤੇ ਹਵਾ ਪ੍ਰਦੂਸ਼ਣ ਨੂੰ ਘਟਾਉਣ ਦੇ ਮਹੱਤਵ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਦੇ ਹੱਲ ਬਾਰੇ ਰਚਨਾਤਮਕ ਢੰਗ ਨਾਲ ਸੋਚਣ ਲਈ ਉਤਸ਼ਾਹਿਤ ਕਰਨਾ ਸੀ।

ਅਸੀਂ ਸਾਰੇ ਕਿਸਾਨਾਂ ਨੂੰ ਵਾਤਾਵਰਣ ਪੱਖੀ ਅਮਲ ਅਪਣਾਉਣ ਅਤੇ ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦੇ ਹਾਂ। ਇਕੱਠੇ ਮਿਲ ਕੇ, ਅਸੀਂ ਇੱਕ ਫਰਕ ਲਿਆ ਸਕਦੇ ਹਾਂ ਅਤੇ ਆਪਣੇ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਾਫ਼, ਸਿਹਤਮੰਦ ਵਾਤਾਵਰਣ ਬਣਾ ਸਕਦੇ ਹਾਂ।ਇਸ ਮੌਕੇ ਤੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਭੱਟੀਆਂ ਦੇ ਸਮੂਹ ਸਟਾਫ ਮੈਂਬਰ ਮੌਜੂਦ ਸੀ।

# ਪੰਜਾਬ ਦੇ ਹਿੰਦੂ ਨੇਤਾਵਾਂ ਨੇ ਸ਼੍ਰੀ ਕ੍ਰਿਸ਼ਨ ਗਊਸ਼ਾਲਾ ਦਾ ਦੌਰਾ ਕੀਤਾ

## ☛ ਮਰੀਆਂ ਗਾਵਾਂ ਲਈ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕੀਤੀ



ਫਗਵਾੜਾ, ( ਸੁਸ਼ੀਲ ਸ਼ਰਮਾ ) ਪੰਜਾਬ ਦੇ ਪ੍ਰਮੁੱਖ ਹਿੰਦੂ ਆਗੂਆਂ ਨੇ ਅੱਜ ਮੇਹਲੀ ਗੇਟ ਸਥਿਤ ਸ਼੍ਰੀ ਕ੍ਰਿਸ਼ਨ ਗਊਸ਼ਾਲਾ ਦਾ ਦੌਰਾ ਕੀਤਾ, ਜਿੱਥੇ 23 ਗਊਆਂ ਦੀ ਸ਼ੱਕੀ ਹਾਲਾਤਾਂ ਵਿੱਚ ਜ਼ਹਿਰੀਲਾ ਪਦਾਰਥ ਨਿਗਲਣ ਕਾਰਨ ਮੌਤ ਹੋ ਗਈ ਸੀ। ਗੱਲਬਾਤ ਦੌਰਾਨ ਸ਼ਿਵ ਸੈਨਾ ਪੰਜਾਬ ਦੇ ਕੌਮੀ ਚੇਅਰਮੈਨ ਰਾਜੀਵ ਟੰਡਨ, ਸੀਨੀਅਰ ਆਗੂ ਅਮਿਤ ਅਰੋੜਾ ਅਤੇ ਸ਼ਿਵ ਸੈਨਾ (ਯੂ.ਬੀ.ਟੀ.) ਦੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਹਰਵਿੰਦਰ ਸੋਨੀ ਨੇ ਕਿਹਾ ਕਿ 23 ਗਊਆਂ ਦੀ ਇੱਕੋ ਸਮੇਂ ਮੌਤ ਕਈ ਸ਼ੰਕੇ ਪੈਦਾ ਕਰਦੀ ਹੈ। ਸਨਾਤਨ ਹਿੰਦੂ ਸਮਾਜ ਵਿੱਚ ਗਊ ਮਾਤਾ ਦਾ ਬਹੁਤ ਉੱਚਾ ਸਥਾਨ ਹੈ। ਇਸ ਲਈ ਇਸ ਦਰਦਨਾਕ ਘਟਨਾ ਦੀ ਡੂੰਘਾਈ ਨਾਲ ਜਾਂਚ ਹੋਣੀ ਬਹੁਤ ਜ਼ਰੂਰੀ ਹੈ। ਪ੍ਰਸ਼ਾਸਨ ਵੱਲੋਂ ਮੰਗੀ ਗਈ ਸਮਾਂ ਸੀਮਾ ਵੀਰਵਾਰ ਨੂੰ ਪੂਰੀ ਹੋਣ ਜਾ ਰਹੀ ਹੈ। ਉਮੀਦ ਹੈ ਕਿ ਇਸ ਦੌਰਾਨ ਪ੍ਰਸ਼ਾਸਨ ਕਿਸੇ ਠੋਸ ਨਤੀਜੇ ਤੇ ਪਹੁੰਚੇਗਾ ਅਤੇ ਘਟਨਾ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਜੇਕਰ ਮਾਮਲੇ ਨੂੰ ਦੇਰੀ ਜਾਂ ਚਿੱਟਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਹਿੰਦੂ ਸਮਾਜ ਚੁੱਪ ਨਹੀਂ ਬੈਠੇਗਾ। ਜੇਕਰ ਲੋੜ ਪਈ ਤਾਂ ਮਾਂ ਗਊ ਨੂੰ ਇਨਸਾਫ਼ ਦਿਵਾਉਣ ਲਈ ਸੂਬਾ ਪੱਧਰ ਤੇ ਵੱਡਾ ਅੰਦੋਲਨ ਕੀਤਾ ਜਾਵੇਗਾ। ਇਸ ਦੌਰਾਨ ਅਮਿਤ ਅਰੋੜਾ ਨੇ ਕਿਹਾ ਕਿ ਸਭ ਤੋਂ ਅਫਸੋਸ ਦੀ ਗੱਲ ਇਹ ਹੈ ਕਿ ਪੰਜਾਬ ਦੀ ਅੱਧੀ ਆਬਾਦੀ ਲਈ ਸਤਿਕਾਰਯੋਗ ਗੋਧਨ ਦੀ ਇੰਨੀ ਵੱਡੀ ਗਿਣਤੀ ਵਿੱਚ ਦਰਦਨਾਕ ਮੌਤਾਂ ਦੇ ਬਾਵਜੂਦ ਸੱਤਾਧਾਰੀ ਪਾਰਟੀ ਦੇ ਕਿਸੇ ਵੀ ਵੱਡੇ ਆਗੂ ਦੇ ਮੂੰਹੋਂ ਸ਼ੋਕ ਦੇ ਦੋ ਸ਼ਬਦ ਨਹੀਂ ਨਿਕਲੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਬਾਹਰ ਨਹੀਂ ਆਏ। ਫਿਰ ਵੀ ਸੋਗ ਦੀ ਇਸ ਘੜੀ ਵਿੱਚ ਉਹ ਸਰਕਾਰ ਵਿਰੁੱਧ ਕੁਝ ਨਹੀਂ ਕਹਿਣਗੇ ਪਰ ਆਸ ਕਰਦੇ ਹਨ ਕਿ ਪੁਲਿਸ ਪ੍ਰਸ਼ਾਸਨ ਸੱਚ ਨੂੰ ਦਬਾਉਣ ਦੀ ਕੋਸ਼ਿਸ਼ ਨਹੀਂ ਕਰੇਗਾ। ਇਸ ਦੌਰਾਨ ਸ਼ਿਵ ਸੈਨਾ ਪੰਜਾਬ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਇੰਦਰਜੀਤ ਕਰਵਲ ਅਤੇ ਰਾਜੇਸ਼ ਪਲਟਾ, ਅਖਿਲ ਭਾਰਤੀ ਹਿੰਦੂ ਸੁਰੱਖਿਆ ਸਮਿਤੀ ਦੇ ਪੰਜਾਬ ਪ੍ਰਧਾਨ ਦੀਪਕ ਭਾਰਦਵਾਜ ਅਤੇ ਹੋਰ ਹਿੰਦੂ ਆਗੂਆਂ ਨੇ ਦੱਸਿਆ ਕਿ ਹੁਣ ਤੱਕ 23 ਗਊਆਂ ਦੀ ਮੌਤ ਹੋ ਚੁੱਕੀ ਹੈ ਜਦਕਿ ਇੱਕ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਹੋਣ ਲਈ. ਇਸ ਮੌਕੇ ਸ਼ਿਵ ਸੈਨਾ ਯੂ.ਬੀ.ਟੀ. ਆਗੂ ਗੁਰਦੀਪ ਸੈਣੀ, ਗਊਸ਼ਾਲਾ ਮੁਖੀ ਰਾਕੇਸ਼ ਗੋਸਾਈ, ਸ਼ਿਵ ਸੈਨਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਵੀ ਦੱਤ, ਸੂਬਾ ਬੁਲਾਰੇ ਵਿਪਨ ਸ਼ਰਮਾ, ਵਪਾਰ ਸੈੱਲ ਦੇ ਮੁਖੀ ਅਸ਼ੋਕ ਆਹੂਜਾ, ਸਿਟੀ ਪ੍ਰਧਾਨ ਅੰਕੁਰ ਬੇਦੀ, ਚੇਅਰਮੈਨ ਨਰਿੰਦਰ ਨਿੰਦੀ, ਕੁੰਦਨ ਸਿੰਘ, ਕੈਸ਼ੀਅਰ ਵਿਨੋਦ ਗੁਪਤਾ, ਬੱਬੂ ਚੋਪੜਾ, ਸੁਨੀਲ ਸ਼ਾਮਲ ਸਨ। ਜਲੋਟਾ, ਦਿਨੇਸ਼ ਬਾਂਸਲ, ਲਕਸ਼ਮਣ ਦਾਸ ਸੁਮਨ, ਸਤਿੰਦਰਾ ਸੈਣੀ, ਕਰਨ ਪੰਡਿਤ, ਵਿਨੈ ਕੌਸ਼ਲ ਅਤੇ ਹੋਰ ਪਤਵੰਤੇ ਹਾਜ਼ਰ ਸਨ। ਸਨ।

# ਤਿੰਨ ਰੋਜ਼ਾ ਮਯੰਕ ਸ਼ਰਮਾ ਮੈਮੋਰੀਅਲ ਪੰਜਾਬ ਓਪਨ ਬੈਡਮਿੰਟਨ ਚੈਂਪੀਅਨਸ਼ਿਪ ਸਮਾਪਤ

ਫ਼ਿਰੋਜ਼ਪੁਰ- (ਲੋਕ ਬਾਣੀ) ਫ਼ਿਰੋਜ਼ਪੁਰ (ਪੱਤਰ ਪ੍ਰੇਰਕ): ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮਯੰਕ ਫਾਊਂਡੇਸ਼ਨ ਵੱਲੋਂ ਕਰਵਾਈ ਗਈ ਤਿੰਨ ਰੋਜ਼ਾ ਸੱਤਵੀਂ ਮਯੰਕ ਸ਼ਰਮਾ ਮੈਮੋਰੀਅਲ ਪੰਜਾਬ ਓਪਨ ਬੈਡਮਿੰਟਨ ਚੈਂਪੀਅਨਸ਼ਿਪ ਦਾਸ ਅਤੇ ਬਰਾਊਨ ਵਰਲਡ ਸਕੂਲ ਦੇ ਰਾਏ ਬਹਾਦਰ ਵਿਸ਼ਨੂੰ ਭਗਵਾਨ ਆਡੀਟੋਰੀਅਮ ਵਿਖੇ ਧੂਮ-ਧਾਮ ਨਾਲ ਸਮਾਪਤ ਹੋ ਗਈ। ਚੈਂਪੀਅਨਸ਼ਿਪ ਵਿੱਚ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਜੰਮੂ, ਚੰਡੀਗੜ੍ਹ ਦੇ ਅੰਡਰ-13, 15 ਅਤੇ 17 ਉਮਰ ਵਰਗ ਦੇ 400 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਪੰਜਾਬ ਅਤੇ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦੇ ਵਿਸ਼ੇਸ਼ ਸਹਿਯੋਗ ਨਾਲ ਇਹ ਚੈਂਪੀਅਨਸ਼ਿਪ ਕਰਵਾਈ ਗਈ। ਇਹ ਚੈਂਪੀਅਨਸ਼ਿਪ ਮਯੰਕ ਫਾਊਂਡੇਸ਼ਨ ਦੇ ਮੁਖੀ ਡਾ: ਅਨਿਰੁਧ ਗੁਪਤਾ ਦੀ ਪ੍ਰਧਾਨਗੀ ਹੇਠ ਕਰਵਾਈ ਗਈ ।

ਮਯੰਕ ਫਾਊਂਡੇਸ਼ਨ ਦੇ ਸੰਸਥਾਪਕ ਦੀਪਕ ਸ਼ਰਮਾ ਨੇ ਦੱਸਿਆ ਕਿ ਪਹਿਲੇ ਦਿਨ ਚੈਂਪੀਅਨਸ਼ਿਪ ਦੇ ਉਦਘਾਟਨੀ ਸਮਾਰੋਹ ਵਿੱਚ ਉਦਯੋਗਪਤੀ ਸਮੀਰ ਮਿੱਤਲ, ਫ਼ਿਰੋਜ਼ਪੁਰ ਮੈਡੀਸਿਟੀ ਡਾਇਰੈਕਟਰ ਸੁਬੋਧ ਕੱਕੜ ਅਤੇ ਭਾਰਤ ਵਿਕਾਸ ਪ੍ਰੀਸ਼ਦ ਦੇ ਸੂਬਾਈ ਪ੍ਰਧਾਨ ਵਿਕਟਰ ਛਾਬੜਾ ਨੇ ਟੀਮ ਸਮੇਤ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਚੈਂਪੀਅਨਸ਼ਿਪ ਦੇ ਦੂਜੇ ਦਿਨ ਰੈੱਡ ਕਰਾਸ ਦੇ ਸਕੱਤਰ ਅਸ਼ੋਕ ਬਹਿਲ, ਪ੍ਰਿੰਸੀਪਲ ਰਜਿੰਦਰ ਸਿੰਘ ਗਿੱਲ ਨਵਾਂਸ਼ਹਿਰ, ਵਿੰਗਜ਼ ਗਲੋਬਲ ਦੇ ਅਮਿਤ ਅਰੋੜਾ, ਮਨਜੀਤ ਸਿੰਘ ਖਾਰਾ, ਜਾਨੂ ਗਲਹੋਤਰਾ, ਸਮਾਜ ਸੇਵਕ ਵਿਪੁਲ ਨਾਰੰਗ ਨੇ ਸ਼ਮੂਲੀਅਤ ਕੀਤੀ। ਸਮਾਪਤੀ ਸਮਾਰੋਹ ਵਿੱਚ ਡਾ: ਕਮਲ ਬਾਗੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਅਨੁਪਮ ਕੁਮਰੀਆ, ਚਿਤਰੰਜਨ ਬਾਂਸਲ, ਵਿਨੈ ਵੋਹਰਾ, ਅਸ਼ੋਕ ਵਢੇਰਾ, ਟਿੰਕੂ ਗੁਪਤਾ, ਸੰਜੇ ਕਟਾਰੀਆ, ਹਰੀਸ਼ ਮੋਂਗਾ, ਜ਼ੀਰਾ ਨਗਰਪਾਲਿਕਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੱਜ , ਡਾ. ਸ਼ੀਤ ਸੇਠੀ, ਸਿੱਧੀਵਿਨਾਇਕ ਹਸਪਤਾਲ ਦੇ ਡਾ.ਲਵੀ ਧਵਨ, ਕਾਰੋਬਾਰੀ ਸੁਖਬੀਰ ਕੰਬੋਜ ਡਾ: ਰੋਹਿਤ ਗਰਗ, ਸੰਨੀ ਹਾਂਡਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ।




ਪ੍ਰੋਜੈਕਟ ਇੰਚਾਰਜ ਰਾਕੇਸ਼ ਕੁਮਾਰ ਅਤੇ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਦਾਸ ਅਤੇ ਬਰਾਊਨ ਵਰਲਡ ਸਕੂਲ ਦੇ ਰਾਏ ਬਹਾਦੁਰ ਵਿਸ਼ਨੂੰ ਭਗਵਾਨ ਆਡੀਟੋਰੀਅਮ ਵਿੱਚ ਕਰਵਾਏ ਇਸ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਖਿਡਾਰੀਆਂ ਵਿੱਚ ਭਾਰੀ ਉਤਸ਼ਾਹ ਸੀ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਵਿੱਚ ਜੇਤੂ ਟੀਮ ਨੂੰ 15,000 ਰੁਪਏ ਅਤੇ ਪਹਿਲੇ ਉਪ ਜੇਤੂ ਨੂੰ 11,000 ਰੁਪਏ ਦਾ ਨਗਦ ਇਨਾਮ ਦੇਣ ਤੋਂ ਇਲਾਵਾ ਟਰਾਫੀਆਂ ਅਤੇ ਹੋਰ ਪ੍ਰੋਤਸਾਹਨ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਚੈਂਪੀਅਨਸ਼ਿਪ ਨੂੰ ਸਫਲ ਬਣਾਉਣ ਲਈ ਦਿੱਲੀ ਤੋਂ ਰਵੀ ਚੌਹਾਨ ਦੀ 7 ਮੈਂਬਰੀ ਟੀਮ ਵਿਸ਼ੇਸ਼ ਤੌਰ ਤੇ ਪਹੁੰਚੀ ਸੀ, ਜਿਨ੍ਹਾਂ ਨੇ ਸਾਰੇ ਮੈਚਾਂ ਦਾ ਸ਼ਾਨਦਾਰ ਢੰਗ ਨਾਲ ਸੰਚਾਲਨ ਕੀਤਾ । ਇਹ ਟੂਰਨਾਮੈਂਟ ਪਿਛਲੇ ਸੱਤ ਸਾਲਾਂ ਤੋਂ ਨੌਜਵਾਨ ਬੈਡਮਿੰਟਨ ਖਿਡਾਰੀ ਮਯੰਕ ਸ਼ਰਮਾ ਦੀ ਯਾਦ ਵਿੱਚ ਕਰਵਾਇਆ ਜਾ ਰਿਹਾ ਹੈ, ਜਿਸ ਦੀ ਸਾਲ 2017 ਵਿੱਚ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ ਸੀ। ਮਯੰਕ ਇੱਕ ਚੰਗਾ ਬੈਡਮਿੰਟਨ ਖਿਡਾਰੀ ਸੀ ਅਤੇ ਉਸਦੀ ਯਾਦ ਨੂੰ ਤਾਜ਼ਾ ਰੱਖਣ ਅਤੇ ਉਸਦੇ ਵਰਗੇ ਮਹਾਨ ਬੈਡਮਿੰਟਨ ਖਿਡਾਰੀ ਪੈਦਾ ਕਰਨ ਦੇ ਉਦੇਸ਼ ਨਾਲ ਮਯੰਕ ਫਾਊਂਡੇਸ਼ਨ ਦਾ ਗਠਨ ਕੀਤਾ ਗਿਆ ਅਤੇ ਇਹ ਟੂਰਨਾਮੈਂਟ ਪਿਛਲੇ ਸੱਤ ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ। ਫਾਊਂਡੇਸ਼ਨ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਤੋਂ ਇਲਾਵਾ ਪੇਂਟਿੰਗ ਪ੍ਰੋਗਰਾਮ ਅਤੇ ਟਰੈਫਿਕ ਨਿਯਮਾਂ ਬਾਰੇ ਵੀ ਵਿਸ਼ੇਸ਼ ਕੰਮ ਕੀਤਾ ਜਾ ਰਿਹਾ ਹੈ।

ਇਸ ਟੂਰਨਾਮੈਂਟ ਦੇ ਨਤੀਜੇ ਇਸ ਤਰ੍ਹਾਂ ਹਨ- ਅੰਡਰ-17 ਗਰਲਜ਼ ਚੈਂਪੀਅਨਸ਼ਿਪ ਵਿੱਚ ਰਿਦਿਮਾ ਸੈਣੀ ਚੰਡੀਗੜ੍ਹ ਜੇਤੂ ਅਤੇ ਸਾਨੀਆ ਜਲੰਧਰ ਸਿਟੀ ਉਪ ਜੇਤੂ ਰਹੀ। ਜਦੋਂਕਿ ਅੰਡਰ-17 ਲੜਕਿਆਂ ਵਿੱਚ ਸਮਰਥ ਭਾਰਦਵਾਜ ਜਲੰਧਰ ਵਿਜੇਤਾ ਅਤੇ ਸ਼ਿਵਾਂਸ਼ ਪੁਰੀ ਜਲੰਧਰ ਉਪ ਜੇਤੂ, ਅੰਡਰ-15 ਲੜਕੀਆਂ ਵਿੱਚ ਰਿਦਿਮਾ ਸੈਣੀ ਚੰਡੀਗੜ੍ਹ ਅਤੇ ਅਨਵੀ ਰਾਏ ਚੰਡੀਗੜ੍ਹ, ਅੰਡਰ-15 ਲੜਕਿਆਂ ਵਿੱਚ ਕੈਵਲਿਆ ਸੂਦ ਅੰਮ੍ਰਿਤਸਰ ਅਤੇ ਆਰਵ ਪੋਰਵਾਲ ਅੰਮ੍ਰਿਤਸਰ, ਅੰਡਰ-13 ਲੜਕੀਆਂ ਵਿੱਚ ਓਨਿਕਾ ਗੋਇਲ ਮੋਹਾਲੀ ਅਤੇ ਅੰਸ਼ ਵਤਸ ਸੋਨੀਪਤ ਅਤੇ ਯੁਵਰਾਜ ਕਾਲੜਾ ਸੁਖਸਹਿਜ ਕੋਰ ਮੋਹਾਲੀ ਜੇਤੂ ਰਹੀ।

ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਦਾਸ ਐਂਡ ਬਰਾਊਨ ਦੇ ਪਿ੍ਰੰਸੀਪਲ ਡਾ: ਰਾਜੇਸ਼ ਕੁਮਾਰ ਚੰਦੇਲ, ਡਾ: ਸਲੀਨ, ਸੱਜਲ ਭੱਟਾਚਾਰੀਆ ਤੋਂ ਇਲਾਵਾ ਸਕੱਤਰ ਰਾਜੀਵ ਸੇਤੀਆ, ਜਸਵੰਤ ਸੈਣੀ, ਅਸ਼ਵਨੀ ਸ਼ਰਮਾ, ਸੰਦੀਪ ਸਹਿਗਲ, ਚਰਨਜੀਤ ਸਿੰਘ ਚਹਿਲ , ਯੋਗੇਸ਼ ਤਲਵਾਰ, ਮਨੋਜ ਗੁਪਤਾ, ਵਿਕਾਸ ਗੁੰਬਰ, ਦੀਪਕ ਮਠਵਾਲ, ਹਰਿੰਦਰ ਭੁੱਲਰ, ਅਰੁਣ ਅਰੋੜਾ, ਕਮਲ ਸ਼ਰਮਾ, ਅਕਸ਼ ਕੁਮਾਰ, ਗੁਰਸਾਹਿਬ ਸਿੰਘ, ਅਰਨੀਸ਼ ਮੋਂਗਾ, ਅਸੀਮ ਅਗਰਵਾਲ, ਤੁਸ਼ਾਰ ਅਗਰਵਾਲ, ਵਿਕਾਸ ਅਗਰਵਾਲ, ਰੁਪਿੰਦਰ ਸਿੰਘ, ਦੀਪਕ ਗਰੋਵਰ ਆਦਿ ਹਾਜ਼ਰ ਸਨ।

# ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨਾਲ ਸੰਸਾਰ ਦਿਵਸ ਮਨਾਇਆ



ਬਰਨਾਲਾ, (ਲੋਕ ਬਾਣੀ) ਡਾਇਰੈਕਟਰ ਰੋਜ਼ਗਾਰ ਉਤਪਤੀ , ਹੁਨਰ ਵਿਕਾਸ ਅਤੇ ਸਿਲਖਾਈ ਵਿਭਾਗ ਪੰਜਾਬ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਸੰਸਾਰ ਦਿਵਸ ਸਬੰਧੀ ਸਮਾਗਮ ਸਕੂਲ ਫਾਰ ਡਿਫਰੈਂਟਲੀ ਏਬਲਡ ਚਿਲਡਰਨ (ਪਵਨ ਸੇਵਾ ਸੰਮਤੀ) ਬਰਨਾਲਾ ਵਿਖੇ ਕਰਵਾਇਆ ਗਿਆ। ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਬਰਨਾਲਾ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਲੋੜਾਂ ਵਾਲੇ ਪ੍ਰਾਰਥੀਆਂ ਨੂੰ ਰੋਜ਼ਗਾਰ ਦਫਤਰ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਹਰ ਤਰ੍ਹਾਂ ਦੀਆਂ ਸਹੂਲਤਾਂ ਦੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਗਤੀਵਿਧੀਆਂ ਕਰਾਈਆਂ।

ਇਸ ਮੌਕੇ ਵਿਦਿਆਰਥੀਆਂ ਨੂੰ ਨੋਟ ਬੁੱਕ, ਪੈਨ ਅਤੇ ਫਾਈਲ ਕਵਰ ਜਿਹੀਆਂ ਸਟੇਸ਼ਨਰੀ ਆਈਟਮਾਂ ਵੀ ਵੰਡੀਆਂ ਗਈਆਂ।

ਇਸ ਤੋਂ ਇਲਾਵਾ ਇਨ੍ਹਾਂ ਸਾਰੇ ਵਿਦਿਆਰਥੀਆਂ ਦੀ ਪੀ.ਜੀ.ਆਰ.ਕਾਮ ਤੇ ਆਨਲਾਈਨ ਰਜਿਸਟ੍ਰੇਸ਼ਨ ਵੀ ਕੀਤੀ ਗਈ ਤਾਂ ਜੋ ਭਵਿੱਖ ਵਿਚ ਦਿਵਿਆਂਗ ਪ੍ਰਾਰਥੀਆਂ ਲਈ ਸਮੇਂ ਸਮੇਂ ਤੇ ਆਉਣ ਵਾਲੀਆਂ ਸਰਕਾਰੀ ਅਸਾਮੀਆਂ ਦੀ ਜਾਣਕਾਰੀ ਮਿਲਦੀ ਰਹੇ। ਅੰਤ ਵਿਚ ਸਕੂਲ ਮੁਖੀ ਦੀਪਤੀ ਸ਼ਰਮਾ ਦਾ ਸਮੂਹ ਰੋਜ਼ਗਾਰ ਦਫਤਰ ਵੱਲੋਂ ਧੰਨਵਾਦ ਕੀਤਾ ਗਿਆ।

# ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ 295 ਪੰਜਾਬ ਦੀ ਮੀਟਿੰਗ ਵਿੱਚ ਅਹਿਮ ਫੈਸਲੇ



ਮਹਿਲ ਕਲਾਂ (ਲੋਕ ਬਾਣੀ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ 295 ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਡਾਕਟਰ ਮਿੱਠੂ ਮੁਹੰਮਦ ਮਹਿਲ ਕਲਾਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸੋਸੀਏਸ਼ਨ ਇੱਕ ਅਹਿਮ ਮੀਟਿੰਗ ਲੁਧਿਆਣਾ ਵਿਖੇ ਰੇਲਵੇ ਦਫਤਰ ਵਿੱਚ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਜਸਵਿੰਦਰ ਕਾਲਖ ਪ੍ਰਧਾਨ ਪੰਜਾਬ ਨੇ ਕੀਤੀ। ਜਿਸ ਵਿੱਚ ਵੱਖ ਵੱਖ ਜਿਲਿਆਂ ਤੋਂ ਸਟੇਟ ਕਮੇਟੀ ਮੈਂਬਰਾਂ ਤੇ ਅਹੁਦੇਦਾਰਾਂ ਨੇ ਸਮੂਲੀਅਤ ਕੀਤੀ । ਸੂਬਾਈ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਿਮਨੀ ਚੋਣਾਂ ਦੌਰਾਨ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਪੰਜਾਬ ਵੱਲੋਂ ਆਪ ਸਰਕਾਰ ਦਾ ਵਿਰੋਧ ਕੀਤਾ ਗਿਆ ਤਾਂ ਮੁੱਖ ਮੰਤਰੀ ਭਗਵੰਤ ਮਾਨ ਐਸੋਸੀਏਸ਼ਨ ਨੁਮਾਇੰਦਿਆਂ ਨਾਲ ਵਾਅਦਾ ਕੀਤਾ ਕਿ ਜਲਦ ਹੀ ਆਲਾ ਅਧਿਕਾਰੀਆਂ ਦੀ ਮੀਟਿੰਗ ਬੁਲਾ ਕੇ ਮਸਲੇ ਨੂੰ ਸੰਜੀਦਾ ਰੂਪ ਵਿੱਚ ਹੱਲ ਕੀਤਾ ਜਾਵੇਗਾ। ਪਰ ਉਹ ਵਾਅਦਾ ਵੀ ਵਫਾ ਨਹੀਂ ਹੋਇਆ। ਇਸ ਕਰਕੇ ਪੰਜਾਬ ਦੀ ਕਮੇਟੀ ਨੇ ਆਪ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿਤਾਵਨੀ ਦੇ ਰੋਹ ਚ ਕਿਹਾ ਕਿ ਅਗਰ ਪੰਜਾਬ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਤੇ ਮਸਲੇ ਪ੍ਰਤੀ ਉਚੇਚਾ ਧਿਆਨ ਨਹੀਂ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਹੋਰ ਤਿੱਖਾ ਸੰਘਰਸ਼ ਕੀਤਾ ਜਾਵੇਗਾ।

ਇਸ ਮੀਟਿੰਗ ਵਿੱਚ ਪੰਜਾਬ ਦੇ ਪ੍ਰਧਾਨ ਡਾਕਟਰ ਜਸਵਿੰਦਰ ਕਾਲਖ ਲੁਧਿਆਣਾ ਤੋਂ ਇਲਾਵਾ ਪੰਜਾਬ ਤੇ ਜਨਰਲ ਸੈਕਟਰੀ ਡਾਕਟਰ ਰਣਜੀਤ ਸਿੰਘ ਰਾਣਾ ਤਰਨਤਾਰਨ, ਡਾਕਟਰ ਸਤਨਾਮ ਸਿੰਘ ਜੀ ਦਿਓ ਵਰਕਿੰਗ ਪ੍ਰਧਾਨ ਪੰਜਾਬ, ਡਾਕਟਰ ਧਰਮਪਾਲ ਸਿੰਘ ਜੀ ਭਵਾਨੀਗੜ੍ਹ ਸੂਬਾ ਕੈਸ਼ੀਅਰ ਪੰਜਾਬ, ਡਾਕਟਰ ਬਲਕਾਰ ਸਿੰਘ ਜੀ ਸ਼ੇਰਗਿੱਲ ਪਟਿਆਲਾ ਮੁੱਖ ਸਰਪ੍ਰਸਤ ਪੰਜਾਬ, ਡਾਕਟਰ ਦੀਦਾਰ ਸਿੰਘ ਜੀ ਮੁਕਤਸਰ ਆਰਗੀਨਜ਼ਰ ਸੈਕਟਰੀ ਪੰਜਾਬ, ਡਾਕਟਰ ਮਿੱਠੂ ਮੁਹੰਮਦ ਜੀ ਮਹਿਲ ਕਲਾਂ ਮੀਡੀਆ ਇੰਚਾਰਜ ਪੰਜਾਬ, ਡਾਕਟਰ ਸਰਬਜੀਤ ਸਿੰਘ ਜੀ ਸੀਨੀਅਰ ਮੀਤ ਪ੍ਰਧਾਨ ਪੰਜਾਬ, ਡਾਕਟਰ ਉਤਮ ਸਿੰਘ ਧਲੇਰ ਕਲਾਂ ਮੀਤ ਪ੍ਰਧਾਨ ਪੰਜਾਬ, ਡਾਕਟਰ ਮਲਕੀਤ ਸਿੰਘ ਰਈਆਂ ਮੀਤ ਪ੍ਰਧਾਨ ਪੰਜਾਬ, ਡਾਕਟਰ ਬਿਕਰਮ ਜੀ ਸਟੇਟ ਕਮੇਟੀ ਮੈਂਬਰ ਫਤਿਹਗੜ੍ਹ ਸਾਹਿਬ, ਡਾਕਟਰ ਪਰਮੇਸ਼ਰ ਸਿੰਘ ਮੈਂਬਰ ਸਟੇਟ ਕਮੇਟੀ, ਡਾਕਟਰ ਕੇਸਰ ਸਿੰਘ ਧਾਂਦਰਾਂ ਜਨ ਸਕੱਤਰ ਜਿਲਾ ਲੁਧਿਆਣਾ ਤੋਂ ਇਲਾਵਾ ਸੂਬਾਈ ਮੈਂਬਰਾਂ ਤੇ ਜਿਲਾ ਕਮੇਟੀ ਆਗੂਆਂ ਨੇ ਹਿੱਸਾ ਲਿਆ।

# ਛੀਨਾ ਨੇ ਖਾਲਸਾ ਕਾਲਜ ਇੰਜੀਨੀਅਰਿੰਗ ਵਿਖੇ ਸਾਈਬਰ-ਭੌਤਿਕ ਪ੍ਰਣਾਲੀਆਂ ਦੇ ਹੁਨਰ ਨੂੰ ਵਧਾਉਣ ਲਈ 'ਅਵਧ-ਸੀ. ਪੀ. ਐੱਸ.' ਲੈਬ ਦਾ ਕੀਤਾ ਉਦਘਾਟਨ

ਅੰਮ੍ਰਿਤਸਰ, (ਲੋਕ ਬਾਣੀ)–ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਰੋਪੜ ਦੇ ਸਹਿਯੋਗ ਨਾਲ ਤਕਨੀਕੀ ਸਿੱਖਿਆ ਅਤੇ ਖੋਜ ਸਬੰਧੀ ਏ. ਡਬਲਯੂ. ਏ. ਡੀ. ਐੱਚ. ਸੀ. ਪੀ. ਐੱਸ. (ਅਵਧ-ਸੀ. ਪੀ. ਐੱਸ.) ਲੈਬ ਦਾ ਉਦਘਾਟਨ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਕੀਤਾ ਗਿਆ। ਉਕਤ ਲੈਬ ਦਾ ਮੁੱਖ ਉਦੇਸ਼ ਸਾਈਬਰ-ਫਿਜ਼ੀਕਲ ਸਿਸਟਮ (ਸੀ. ਪੀ. ਐੱਸ.) ਦੇ ਉੱਭਰ ਰਹੇ ਖੇਤਰ 'ਚ ਸਿੱਖਿਆ, ਹੱਥੀਂ ਹੁਨਰ ਵਿਕਾਸ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਮੌਕੇ ਸ: ਛੀਨਾ ਨੇ ਸੰਬੋਧਨ ਕਰਦਿਆਂ ਕਾਲਜ ਅਤੇ ਆਈ. ਆਈ. ਟੀ. ਦੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਲੈਬ ਦੀ ਸਥਾਪਨਾ ਵਿਦਿਆਰਥੀਆਂ ਨੂੰ ਵਿਹਾਰਕ, ਉਦਯੋਗ-ਸਬੰਧਿਤ ਹੁਨਰ ਵਿਕਾਸ ਦੇ ਯਤਨਾਂ ਨੂੰ ਵਧਾਉਣ ਲਈ ਇਕ ਮਹੱਤਵਪੂਰਨ ਮੀਲ ਪੱਥਰ ਸਾਬਿਤ ਹੋਵੇਗੀ। ਉਨ੍ਹਾਂ ਨੇ ਅੱਜ ਤੇਜ਼ੀ ਨਾਲ ਵਿਕਸਿਤ ਹੋ ਰਹੇ ਟੈਕਨੋਲੋਜੀ ਲੈਂਡਸਕੇਪ 'ਚ ਸਾਈਬਰ-ਭੌਤਿਕ ਪ੍ਰਣਾਲੀਆਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਲੈਬ ਨਵੀਨਤਾ ਅਤੇ ਖੋਜ ਲਈ ਇੱਕ ਲਾਂਚ ਪੈਡ ਵਜੋਂ ਕੰਮ ਕਰੇਗੀ। ਉਨ੍ਹਾਂ ਨੇ ਭਵਿੱਖ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ ਇੱਕ ਹੁਨਰਮੰਦ ਪ੍ਰੋਫੈਸ਼ਨਲ ਬਣਾਉਣ ਲਈ ਅਕਾਦਮਿਕ ਅਤੇ ਉਦਯੋਗ ਦੇ ਵਿਚਕਾਰ ਸਹਿਯੋਗੀ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਨੂੰ ਪ੍ਰਯੋਗਸ਼ਾਲਾ 'ਚ ਅਤਿ-ਆਧੁਨਿਕ ਸਹੂਲਤਾਂ ਦਾ ਪੂਰਾ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ।

ਇਸ ਮੌਕੇ ਵਿਸ਼ੇਸ਼ ਮਹਿਮਾਨ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਸਾਬਕਾ ਕਾਰਜਕਾਰੀ ਡਾਇਰੈਕਟਰ ਡਾ: ਜਤਿੰਦਰ ਕੌਰ ਨੇ ਅੱਜ ਦੇ ਤਕਨੀਕੀ ਦ੍ਰਿਸ਼ਟੀਕੋਣ 'ਚ ਸੀਪੀਐਸ ਦੀ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਨੇ ਇਸ ਖੇਤਰ 'ਚ ਵਿੱਦਿਅਕ ਲੈਂਡਸਕੇਪ ਨੂੰ ਬਦਲਣ ਲਈ ਲੈਬ ਦੀ ਸਮਰੱਥਾ ਨੂੰ ਉਜਾਗਰ ਕਰਦਿਆਂ ਅਜੋਕੇ ਤਕਨੀਕੀ ਵਾਤਾਵਰਣ ਪ੍ਰਣਾਲੀ 'ਚ ਆਈ. ਓ. ਟੀ. ਤਕਨਾਲੋਜੀਆਂ ਅਤੇ ਸਾਈਬਰ-ਭੌਤਿਕ ਪ੍ਰਣਾਲੀਆਂ ਦੇ ਵੱਧ ਰਹੇ ਮਹੱਤਵ ਸਬੰਧੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੁਆਰਾ ਇਕ ਪਹਿਲਕਦਮੀ, ਅੰਤਰ-ਅਨੁਸ਼ਾਸਨੀ ਸਾਈਬਰ-ਭੌਤਿਕ ਪ੍ਰਣਾਲੀਆਂ 'ਤੇ ਰਾਸ਼ਟਰੀ ਮਿਸ਼ਨ ਦੇ ਤਹਿਤ ਲੈਬ ਦਾ ਉਦਘਾਟਨ ਕੀਤਾ ਗਿਆ। ਇਹ ਸਿੱਖਿਆ, ਖੋਜ, ਪ੍ਰੋਟੋਟਾਈਪਿੰਗ, ਟੈਸਟਿੰਗ ਅਤੇ ਸਹਿਯੋਗ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਸਦਾ ਉਦੇਸ਼ ਸੀਪੀਐਸ ਤਕਨਾਲੋਜੀਆਂ ਨੂੰ ਵਿਭਿੰਨ ਖੇਤਰਾਂ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ 'ਚ ਏਕੀਕ੍ਰਿਤ ਕਰਨਾ ਹੈ।

ਰੋਜ਼ਾਨਾ ਲੋਕ ਬਾਣੀ
www.lokbani

ਇਸ ਤੋਂ ਪਹਿਲਾਂ ਸਮਾਗਮ ਦੀ ਸ਼ੁਰੂਆਤ ਫੁੱਲਾਂ ਦੀ ਵਰਖਾ ਤੋਂ ਬਾਅਦ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ। ਉਪਰੰਤ ਕਾਲਜ ਡਾਇਰੈਕਟਰ ਡਾ: ਮੰਜੂ ਬਾਲਾ ਨੇ ਸ: ਛੀਨਾ, ਡਾ: ਜਤਿੰਦਰ ਕੌਰ ਤੋਂ ਇਲਾਵਾ ਆਈ. ਆਈ. ਟੀ., ਰੋਪੜ (ਟੀ. ਆਈ. ਐਫ਼.) ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਰਾਧਿਕਾ ਤ੍ਰਿਖਾ, ਸੀਨੀਅਰ ਮੈਨੇਜਰ ਸ਼੍ਰੀ ਆਤਿਫ ਜਮਾਲ, ਪ੍ਰੋਜੈਕਟ ਮੈਨੇਜਰ ਸ਼੍ਰੀ ਦੇਸ ਰਾਜ ਧੀਮਾਨ, ਫਰਮਵੇਅਰ ਇੰਜੀਨੀਅਰ ਸ਼੍ਰੀ ਆਸ਼ੂਤੋਸ਼ ਕੁਮਾਰ, ਹਾਰਡਵੇਅਰ ਇੰਜੀਨੀਅਰ ਸ਼੍ਰੀ ਵਿਕਾਸ ਕੁਮਾਰ, ਪ੍ਰੋਗਰਾਮ ਮੈਨੇਜਰ ਸ੍ਰੀਮਤੀ ਪੈਰੀ ਸੂਦ ਅਤੇ ਯੰਗ ਪ੍ਰੋਫੈਸ਼ਨਲ ਸ੍ਰੀਮਤੀ ਸੋਨੀਆ ਸ਼ਰਮਾ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ।



ਇਸ ਮੌਕੇ ਡਾ. ਬਾਲਾ ਨੇ ਸਾਈਬਰ-ਭੌਤਿਕ ਪ੍ਰਣਾਲੀਆਂ 'ਚ ਅਵਧ-ਸੀ. ਪੀ. ਐੱਸ. ਲੈਬ ਦੀ ਮਹੱਤਤਾ ਅਤੇ ਇਸ ਖੇਤਰ 'ਚ ਨਵੀਨਤਾ ਦੀ ਸੰਭਾਵਨਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਆਈ. ਆਈ. ਟੀ. ਦੇ ਸਹਿਯੋਗ ਨਾਲ ਇਹ ਵਿਦਿਆਰਥੀਆਂ, ਖੋਜਕਰਤਾਵਾਂ ਅਤੇ ਸਟਾਰਟਅੱਪਸ ਨੂੰ ਸੀ. ਪੀ. ਐੱਸ. ਅਤੇ ਆਈ. ਓ. ਟੀ. ਤਕਨਾਲੋਜੀਆਂ ਦੇ ਖੇਤਰ ਸਬੰਧੀ ਇਕ ਪਲੇਟਫਾਰਮ ਪ੍ਰਦਾਨ ਕਰੇਗਾ। ਉਨ੍ਹਾਂ ਉਮੀਦ ਜਾਹਿਰ ਕਰਦਿਆਂ ਕਿਹਾ ਕਿ ਇਹ ਲੈਬ ਇੰਜੀਨੀਅਰਾਂ ਅਤੇ ਉੱਦਮੀਆਂ ਦੀ ਅਗਲੀ ਪੀੜ੍ਹੀ ਨੂੰ ਅਤਿ-ਆਧੁਨਿਕ ਹੁਨਰਾਂ ਨਾਲ ਢਾਲਣ ਲਈ ਇੱਕ ਮਹੱਤਵਪੂਰਨ ਸਰੋਤ ਵਜੋਂ ਕੰਮ ਕਰੇਗੀ।ਇਸ ਮੌਕੇ ਡਾ. ਤ੍ਰਿਖਾ ਨੇ ਕਾਲਜ ਦੇ ਅਕਾਦਮਿਕ ਪਾਠਕ੍ਰਮ 'ਚ ਸੀ. ਪੀ. ਐੱਸ. ਨੂੰ ਸ਼ਾਮਿਲ ਕਰਨ ਲਈ ਲੈਬ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਕਿਵੇਂ ਇਹ ਸਹਿਯੋਗ ਫੈਕਲਟੀ, ਵਿਦਿਆਰਥੀਆਂ ਅਤੇ ਉਦਯੋਗ ਦੇ ਪੇਸ਼ੇਵਰਾਂ ਲਈ ਸਿਖਲਾਈ ਪ੍ਰੋਗਰਾਮਾਂ ਦੀ ਸਹੂਲਤ ਦੇਵੇਗਾ ਅਤੇ ਉਨ੍ਹਾਂ ਨੂੰ ਭਵਿੱਖ ਲਈ ਜ਼ਰੂਰੀ ਹੁਨਰਾਂ ਨਾਲ ਲੈਸ ਕਰੇਗਾ। ਉਨ੍ਹਾਂ ਕਿਹਾ ਕਿ ਲੈਬ ਆਈਆਈਟੀ ਦੁਆਰਾ ਵਿਕਸਿਤ ਅਡਵਾਂਸਡ ਆਈਓਟੀ ਕਿੱਟਾਂ ਨਾਲ ਲੈਸ ਹੈ, ਜੋ ਕਿ ਇੰਟਰਨੈਟ ਆਫ਼ ਥਿੰਗਜ਼ (ਆਈ. ਓ. ਟੀ.) ਲੈਂਡਸਕੇਪ ਦੇ ਨਾਲ ਪ੍ਰਯੋਗ ਕਰਨ ਲਈ 24/7 ਪਲੱਗ-ਐਂਡ-ਪਲੇ ਮੋਡੀਊਲ ਦੀ ਪੇਸ਼ਕਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਸੁਵਿਧਾਵਾਂ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਨੂੰ ਸਾਈਬਰ-ਭੌਤਿਕ ਪ੍ਰਣਾਲੀਆਂ ਅਤੇ ਆਈ. ਓ. ਟੀ. ਤਕਨਾਲੋਜੀਆਂ ਦੀ ਸੰਭਾਵਨਾ ਦੀ ਪੜਚੋਲ ਕਰਨ ਲਈ ਕੀਮਤੀ ਮੌਕੇ ਪ੍ਰਦਾਨ ਕਰਨਗੀਆਂ।

ਇਸ ਮੌਕੇ ਕਾਲਜ ਰਜਿਸਟਰਾਰ ਇੰਜ਼: ਬਿਕਰਮਜੀਤ ਸਿੰਘ ਨੇ ਧੰਨਵਾਦ ਮਤਾ ਪੇਸ਼ ਕੀਤਾ। ਇਹ ਸਮਾਗਮ ਅਵਧ-ਸੀ. ਪੀ. ਐੱਸ. ਲੈਬ ਦੇ ਵਿਸਤ੍ਰਿਤ ਦੌਰੇ ਦੇ ਨਾਲ ਜਾਰੀ ਰਿਹਾ, ਜਿਸ 'ਚ ਇਸ ਦੇ ਅਤਿ-ਆਧੁਨਿਕ ਸਰੋਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ। ਅਵਧ-ਸੀ. ਪੀ. ਐੱਸ. ਲੈਬ ਅੰਮ੍ਰਿਤਸਰ ਖੇਤਰ 'ਚ ਸੀ. ਪੀ. ਐੱਸ. ਹੁਨਰ ਲਈ ਇੱਕ ਮੁੱਖ ਕੇਂਦਰ ਬਣਨ ਲਈ ਤਿਆਰ ਹੈ। ਇਹ ਸਿਖਲਾਈ ਦੇਣ ਵਾਲਿਆਂ ਨੂੰ ਸਿਖਲਾਈ ਦੇਣ ਅਤੇ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਲਈ ਤਿਆਰ ਕੀਤੇ ਸਾਂਝੇ ਸਿਖਲਾਈ ਪ੍ਰੋਗਰਾਮਾਂ ਦੇ ਸਿਧਾਂਤਕ ਗਿਆਨ ਨੂੰ ਸੀ. ਪੀ. ਐੱਸ. 'ਚ ਹੱਥੀਂ ਅਨੁਭਵ ਦੇ ਨਾਲ ਜੋੜੇਗਾ ਕ ਦੀ ਪੇਸ਼ਕਸ਼ ਕਰੇਗਾ।

## ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਗੁਰਮਤਿ ਕਥਾ ਸਮਾਗਮ 14 ਤੋਂ 18 ਦਸੰਬਰ ਤੱਕ

ਧੂਰੀ (ਲੋਕ ਬਾਣੀ)) ਪ੍ਰਬੱਧਕੀ ਟਰੱਸਟ ਗੁਰਦੁਆਰਾ ਸਾਹਿਬ ਨਾਨਕਸਰ ਸਾਹਿਬ ਤੇ ਸਮੂਹ ਧਾਰਮਿਕ ਜਥੇਬੰਦੀਆਂ ਅਤੇ ਸਮੂਹ ਗੁਰਸਿੱਖ ਨਾਨਕ ਨਾਮ ਲੇਵਾ ਸਾਧ ਸੰਗਤ ਧੂਰੀ ਵੱਲੋਂ ਸਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਨਾਨਕਸਰ ਸਾਹਿਬ ਧੂਰੀ ਵਿਖੇ ਗੁਰਮਤਿ ਕਥਾ ਸਮਾਗਮ 14 ਦਸੰਬਰ ਤੋਂ 18 ਦਸੰਬਰ ਤੱਕ ਰੋਜ਼ਾਨਾ ਸ਼ਾਮ 7 ਵਜੇ ਤੋਂ ਰਾਤ 9 - 30 ਵਜੇ ਤੱਕ ਕਰਵਾਇਆ ਜਾਵੇਗਾ । ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪ੍ਰਬੰਧਕੀ ਟਰੱਸਟ ਗੁਰਦੁਆਰਾ ਨਾਨਕਸਰ ਸਾਹਿਬ ਧੂਰੀ ਦੇ ਆਗੂ ਬੰਤ ਸਿੰਘ ਵਿਰਕ ਨੇ ਦੱਸਿਆ ਕਿ ਇਸ ਗੁਰਮਤਿ ਕਥਾ ਸਮਾਗਮ ਵਿੱਚ 14 ਦਸੰਬਰ ਨੂੰ ਭਾਈ ਗੁਰਪਾਲ ਸਿੰਘ ਵਿਦਿਆਰਥੀ ਟਕਸਾਲ ਬਾਬਾ ਗੁਰਸੇਵਕ ਸਿੰਘ ਖੰਨੇ ਵਾਲੇ , 15 ਦਸੰਬਰ ਨੂੰ ਜਸਵੰਤ ਸਿੰਘ ਸਾਬਕਾ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਜੀ ਸ੍ਰੀ ਮੁਕਤਸਰ ਸਾਹਿਬ , 16 ਦਸੰਬਰ ਨੂੰ ਪ੍ਰੋ ਸਰਬਜੀਤ ਸਿੰਘ ਧੂੰਦਾ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ , 17 ਦਸੰਬਰ ਨੂੰ ਗਿਆਨੀ ਅਮਰੀਕ ਸਿੰਘ ਚੰਡੀਗੜ੍ਹ ਵਾਲੇ ਅਤੇ 18 ਦਸੰਬਰ ਨੂੰ ਗਿਆਨੀ ਜਸਵਿੰਦਰ ਸਿੰਘ ਦਰਦੀ ਪ੍ਰਧਾਨ ਵਿਸ਼ਵ ਸਿੱਖ ਪ੍ਰਚਾਰਕ ਸੰਸਥਾ ਸ੍ਰੀ ਅਕਾਲਤਖ਼ਤ ਸਾਹਿਬ ਸੰਗਤਾਂ ਨੂੰ ਕਥਾ ਸੁਣਾ ਕੇ ਨਿਹਾਲ ਕਰਨਗੇ । ਉਨਾਂ ਗੁਰਮਤਿ ਕਥਾ ਸਮਾਗਮ ਵਿੱਚ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ।

## ਲਾਇਨਜ਼ ਕਲੱਬ ਵੱਲੋਂ ਸਮਾਜ ਸੇਵੀ ਰਾਮ ਨਾਥ ਦਾ ਪਰਿਵਾਰ ਸਨਮਾਨਿਤ

ਡੇਰਾਬੱਸੀ, (ਲੋਕ ਬਾਣੀ)--ਲਾਇਨਜ਼ ਕਲੱਬ ਡੇਰਾਬਸੀ ਵੱਲੋਂ ਅੱਜ ਰਾਮ ਨਾਥ ਦੇ ਅੰਤਿਮ ਭੋਗ ਮੌਕੇ ਮਰਨ ਉਪਰੰਤ ਅੱਖਾਂ ਦਾਨ ਕਰਨ ਵਾਲੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ 82 ਸਾਲਾ ਰਾਮ ਨਾਥ ਪੁੱਤਰ ਮੁਨਸ਼ੀ ਰਾਮ ਵਾਸੀ ਸ਼ਕਤੀ ਨਗਰ ਡੇਰਾਬਸੀ ਜਿਨ੍ਹਾਂ ਦਾ 29 ਨਵੰਬਰ ਨੂੰ ਦਿਹਾਂਤ ਹੋ ਗਿਆ ਸੀ, ਉਸ ਦੀਆਂ ਅੱਖਾਂ ਉਸ ਦੇ ਪਰਿਵਾਰਕ ਮੈਂਬਰਾਂ ਨੇ ਲਾਇਨਜ਼ ਕਲੱਬ ਦੀ ਪ੍ਰੇਰਨਾ ਸਦਕਾ ਦਾਨ ਕੀਤੀਆਂ ਸਨ, ਜਿਸ ਨਾਲ ਦੋ ਨੇਤਰਹੀਣਾਂ ਦੀ ਹਨੇਰੀ ਜ਼ਿੰਦਗੀ ਵਿਚ ਰੌਸ਼ਨੀ ਆਈ ਹੈ। ਕਲੱਬ ਨੇ ਰਾਮ ਨਾਥ ਦੇ ਪੁੱਤਰ ਸੰਜੀਵ ਕੁਮਾਰ ਸਮੇਤ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਲਾਇਨ ਉਪੇਸ਼ ਬਾਂਸਲ ਨੇ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਤਰਦਾਨ ਪ੍ਰਤੀ ਵੱਧ ਤੋਂ ਵੱਧ ਜਾਗਰੂਕ ਹੋਣ ਤਾਂ ਜੋ ਦ੍ਰਿਸ਼ਟੀਹੀਣ ਲੋਕਾਂ ਦੇ ਜੀਵਨ ਵਿੱਚ ਚਾਨਣ ਹੋ ਸਕੇ। ਆਖਰੀ ਭੋਗ ਹਨੂੰਮਾਨ ਮੰਦਰ ਸ਼ਕਤੀ ਨਗਰ ਵਿਖੇ ਪਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਰਾਮ ਨਾਥ ਨੂੰ ਸ਼ਰਧਾਂਜਲੀ ਦੇਣ ਪਹੁੰਚੇ। ਇਸ ਮੌਕੇ ਲਾਇਨਜ਼ ਕਲੱਬ ਦੇ ਪ੍ਰਧਾਨ



ਨਿਤਿਨ ਜਿੰਦਲ, ਲਾਇਨ ਬਲਕਾਰ ਸਿੰਘ, ਲਾਇਨ ਬਰਖਾ ਰਾਮ, ਲਾਇਨ ਰਵਿੰਦਰ ਸੈਣੀ, ਲਾਇਨ ਸੁਸ਼ੀਲ ਧੀਮਾਨ ਆਦਿ ਹਾਜ਼ਰ ਸਨ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements in Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
/stsoldiergroup
www.stsoldiergroup.com
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565